# ਅਮਰੀਕਾ: 11 ਸਤੰਬਰ ਹਮਲੇ ਦੇ ਯਾਦਗਾਰੀ ਸਮਾਰੋਹ 'ਚ ਸਿੱਖ ਭਾਈਚਾਰੇ ਵਲੋਂ ਸ਼ਮੂਲੀਅਤ

**ਓਹਾਇਓ:** ਡੇਅਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਊਯਾਰਕ ਵਿਖੇ ਵਰਲਡ ਟਰੇਡ ਸੈਂਟਰ





ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅਤਿਵਾਦੀ ਹਮਲਿਆਂ ਦੀ 22ਵੀਂ ਵਰ੍ਹੇਗੰਢ ਮਨਾਉਂਦੇ ਹੋਏ ਡੇਅਟਨ ਦੇ ਨਾਲ ਲੱਗਦੇ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ। ਇਨ੍ਹਾਂ ਟਾਵਰਾਂ ਦੀਆਂ ਇਮਾਰਤਾਂ ਵਿਚ ਅਤੇ ਆਲੇ ਦੁਆਲੇ 2600 ਤੋਂ ਵੱਧ ਲੋਕ ਮਾਰੇ ਗਏ ਸਨ ਜਦੋਂ ਅਤਿਵਾਦੀਆਂ ਨੇ ਹਵਾਈ ਜਹਾਜ਼ਾਂ ਨੂੰ ਅਗਵਾ ਕੀਤਾ ਅਤੇ ਟਾਵਰਾਂ ਨਾਲ ਟਕਰਾਅ ਦਿੱਤਾ। 186 ਲੋਕ ਪੈਂਟਾਗਨ ਵਿਖੇ ਜਹਾਜ਼ ਨਾਲ ਕੀਤੇ ਗਏ ਹਮਲੇ ਅਤੇ 40 ਪੈਨਸਿਲਵੇਨੀਆ ਵਿਚ ਇੱਕ ਜਹਾਜ਼ ਹਾਦਸੇ ਵਿਚ ਮਾਰੇ ਗਏ ਸਨ।

ਸਮਾਰੋਹ ਵਿਚ ਯਾਦਗਾਰ ਉੱਤੇ ਝੰਡਾ ਨੀਵਾਂ ਕੀਤਾ ਗਿਆ, ਫੌਜ ਦੇ ਜਵਾਨਾਂ ਵਲੋਂ ਫੁੱਲ ਚੜ੍ਹਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ, ਇੱਕ ਰਸਮੀ ਘੰਟੀ ਵਜਾਈ ਗਈ ਅਤੇ ਚਾਰ ਜਹਾਜ਼ਾਂ ਵਲੋਂ ਸ਼ਰਧਾਂਜਲੀ ਦਿੱਤੀ ਗਈ।



ਬੀਵਰਕ੍ਰੀਕ ਦੇ ਮੇਅਰ ਬੌਬ ਸਟੋਨ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ।

ਸਮਾਰੋਹ ਵਿਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਇਸ ਸਾਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਜਾਂਦਾ ਹੈ ਤਾਂ ਜੋ ਉਸ ਦਿਨ ਗੁਆਚੀਆਂ ਜਾਨਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਸਕੇ। ਉਨ੍ਹਾਂ ਕਿਹਾ, "ਅਸੀਂ ਇਸ ਸਮਾਰੋਹ ਵਿਚ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ, ਜਿਨ੍ਹਾਂ ਨੇ ਇਨ੍ਹਾਂ ਹਮਲਿਆਂ ਵਿਚ ਆਪਣੀ ਜਾਨ ਗੁਆ ਦਿੱਤੀ ਅਤੇ ਜਿਸ ਵਿਚ ਅੱਗ ਬੁਝਾਊ ਅਮਲੇ ਦੇ ਮੈਂਬਰ, ਪੁਲਿਸ ਅਧਿਕਾਰੀ ਤੇ ਮੈਡੀਕਲ ਸੇਵਾਵਾਂ ਦੇ ਅਮਲੇ ਵੀ ਸ਼ਾਮਲ ਸਨ। ਅਸੀਂ ਫੌਜੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਵੀ ਸਨਮਾਨ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।"

ਹਰ ਸਾਲ ਸਿੱਖ ਭਾਈਚਾਰੇ ਵਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਨ੍ਹਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ "ਮੁਸਲਮਾਨਾਂ ਨੂੰ ਮਾਰਨਾ" ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਅਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ। ਇਸ ਤੋਂ ਬਾਅਦ ਸਿੱਖਾਂ, ਮੁਸਲਮਾਨਾਂ, ਦੱਖਣੀ ਏਸ਼ਿਆਈ ਅਤੇ ਹੋਰਨਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਦੀ ਇਕ ਲਹਿਰ ਦੀ ਸ਼ੁਰੂਆਤ ਹੋਈ।

ਇਸ ਸਮਾਰੋਹ ਵਿਚ ਭਾਗ ਲੈਣ ਵਾਲੇ ਸਿੱਖ ਸੋਸਾਇਟੀ ਆਫ ਡੇਅਟਨ ਦੇ ਮੈਂਬਰਾਂ ਵਿਚ ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਦਰਸ਼ਨ ਸਿੰਘ ਸਹਿਬੀ ਅਤੇ ਪਰਮਿੰਦਰ ਸਿੰਘ ਬਾਸੀ ਸ਼ਾਮਲ ਸਨ।

# 'ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ' ਵੱਲੋਂ ਸਤਿਗੁਰੂ ਰਾਮ ਸਿੰਘ ਦੇ ਜੀਵਨ ਅਤੇ ਕੂਕਾ ਲਹਿਰ 'ਤੇ ਸੈਮੀਨਾਰ

## ਬਹੁ-ਪੱਖੀ ਸ਼ਖ਼ਸੀਅਤ ਪੂਰਨ ਸਿੰਘ ਪਾਂਧੀ ਨੂੰ 'ਲਾਈਫ਼-ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਆ

**ਬਰੈਂਪਟਨ, (ਸੁਰਜੀਤ ਕੌਰ/ਡਾ. ਝੰਡ)** 'ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ' ਵੱਲੋਂ ਨਾਮਧਾਰੀ ਲਹਿਰ ਅਤੇ ਕੂਕਾ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ, ਭਾਰਤ



ਦੀ ਆਜ਼ਾਦੀ ਨੂੰ ਦੇਣ ਅਤੇ ਨਾ-ਮਿਲਵਰਤਣ ਲਹਿਰ ਦੌਰਾਨ ਕੂਕਿਆਂ ਵੱਲੋਂ ਦਿੱਤੀਆਂ ਗਈਆਂ ਮਹਾਨ ਕੁਰਬਾਨੀਆਂ ਬਾਰੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੇ ਮੁੱਖ-ਬੁਲਾਰੇ ਪ੍ਰੋ. ਰਾਮ ਸਿੰਘ ਸਨ। ਸੈਮੀਨਾਰ ਦੇ ਹੋਰ ਬੁਲਾਰਿਆਂ ਵਿਚ ਪ੍ਰੋ. ਜਗੀਰ ਸਿੰਘ ਕਾਹਲੋਂ, ਮਲੂਕ ਸਿੰਘ ਕਾਹਲੋਂ, ਕਰਨੈਲ ਸਿੰਘ ਮਰਵਾਹਾ ਅਤੇ ਅਜੀਤ ਸਿੰਘ ਲਾਇਲ ਸ਼ਾਮਲ ਸਨ। ਇਸ ਦੌਰਾਨ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਪੂਰਨ ਸਿੰਘ ਪਾਂਧੀ ਨੂੰ 'ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ' ਵੱਲੋਂ 'ਲਾਈਫ਼-ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।

ਪ੍ਰੋ. ਰਾਮ ਸਿੰਘ ਨੇ ਸਤਿਗੁਰੂ ਰਾਮ ਸਿੰਘ ਦੇ ਜੀਵਨ, ਉਨ੍ਹਾਂ ਵੱਲੋਂ ਚਲਾਈ ਗਈ ਕੂਕਾ ਲਹਿਰ, ਭਾਰਤ ਦੀ ਜੰਗ-ਏ-ਆਜ਼ਾਦੀ ਦੌਰਾਨ ਨਾ-ਮਿਲਵਰਤਣ ਲਹਿਰ ਅਤੇ ਨਾਮਧਾਰੀ ਸੰਗਤ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਉਨ੍ਹਾ ਵੱਲੋਂ ਕੀਤੇ ਗਏ 'ਬਾਈਕਾਟ' ਜਿਸ ਵਿਚ ਅੰਗਰੇਜ਼ਾਂ ਵੱਲੋਂ ਚਲਾਈਆਂ ਗਈਆਂ ਰੇਲਾਂ, ਬਣਾਈਆਂ ਗਈਆਂ ਸੜਕਾਂ, ਕੱਪੜੇ, ਡਾਕ-ਪ੍ਰਣਾਲੀ, ਆਦਿ ਦੀ ਵਰਤੋਂ ਦਾ ਮੁਕੰਮਲ ਬਾਈਕਾਟ ਕੀਤਾ ਗਿਆ, ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਲੜਾਈ ਦੋ ਤਰ੍ਹਾਂ ਲੜੀ ਜਾਂਦੀ ਹੈ, ਇਕ ਹਥਿਆਰਾਂ ਨਾਲ ਅਤੇ ਦੂਜੀ ਵਿਚਾਰਾਂ ਨਾਲ। ਸਤਿਗੁਰੂ ਰਾਮ ਸਿੰਘ ਨੇ ਆਜ਼ਾਦੀ ਦੀ ਲੜਾਈ ਹਥਿਆਰਾਂ ਨਾਲ ਨਹੀਂ, ਸਗੋਂ ਵਿਚਾਰਾਂ ਨਾਲ ਲੜੀ। ਉਨ੍ਹਾਂ ਕੂਕਾ ਲਹਿਰ ਵਿਚ 12 ਸਾਲ ਦੇ ਬਾਲਕ ਵਰਿਆਮ ਸਿੰਘ ਜਿਸ






ਨੇ ਉਸ ਸਮੇਂ ਆਪਣਾ ਸਰੀਰਕ ਕੱਦ ਘੱਟ ਹੋਣ ਕਾਰਨ ਤੋਪ ਦੇ ਗੋਲ਼ੇ ਦੇ ਐਨ ਸਾਹਮਣੇ ਖੜ੍ਹੇ ਹੋਣ ਲਈ ਆਪਣੇ ਪੈਰਾਂ ਹੇਠ ਇੱਟਾਂ ਰੱਖੀਆਂ ਸਨ, ਬਾਰੇ ਵਿਸ਼ੇਸ਼ ਜ਼ਿਕਰ ਕੀਤਾ।

ਇਸ ਦੌਰਾਨ ਪ੍ਰੋ. ਜਗੀਰ ਸਿੰਘ ਕਾਹਲੋਂ ਦਾ ਕਹਿਣਾ ਸੀ ਕਿ ਸਤਿਗੁਰੂ ਰਾਮ ਸਿੰਘ ਨੇ ਨਾਮਧਾਰੀ ਲਹਿਰ ਦੇ ਮੈਂਬਰਾਂ ਨੂੰ ਵਿਸ਼ੇਸ਼ ਪਹਿਰਾਵਾ ਦਿੱਤਾ ਜਿਸ ਨਾਲ ਇਸ ਦੇ ਮੈਂਬਰ ਦੂਰੋਂ ਹੀ ਪਛਾਣੇ ਜਾਂਦੇ ਹਨ। ਸੈਮੀਨਾਰ ਦੇ ਅਗਲੇ ਬੁਲਾਰੇ ਮਲੂਕ ਸਿੰਘ ਕਾਹਲੋਂ ਨੇ ਕਿਹਾ ਕਿ ਥੋੜ੍ਹੇ ਜਿਹੇ ਸਮੇਂ ਵਿਚ ਹੀ ਕੂਕਾ ਲਹਿਰ ਵੱਡੇ ਅੰਦੋਲਨ ਦਾ ਰੂਪ ਧਾਰ ਗਈ ਜਿਸ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਅਹਿਮ ਯੋਗਦਾਨ ਪਾਇਆ। ਬਾਬਾ ਰਾਮ ਸਿੰਘ ਕੇਵਲ ਧਾਰਮਿਕ ਆਗੂ ਹੀ ਨਹੀਂ, ਸਗੋਂ ਬਾਗ਼ੀ ਯੋਧੇ ਸਨ ਜਿਨ੍ਹਾਂ ਨੇ ਨਾਮਧਾਰੀ ਲਹਿਰ ਅਤੇ ਕੂਕਾ ਲਹਿਰ ਨੂੰ ਬਾਖੂਬੀ ਚਲਾਇਆ। ਅੰਗਰੇਜ਼ ਉਨ੍ਹਾਂ ਤੋਂ ਅੰਦਰੋਂ-ਅੰਦਰੀਂ ਡਰਦੇ ਸਨ। ਤਾਂ ਹੀ ਉਨ੍ਹਾਂ ਵੱਲੋਂ ਉਨ੍ਹਾਂ ਨੂੰ ਦੇਸ਼-ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ ਸੀ। ਸੈਮੀਨਾਰ ਵਿਚ ਅਜੀਤ ਸਿੰਘ ਲਾਇਲ ਵੱਲੋਂ ਸਤਿਗੁਰੂ ਰਾਮ ਸਿੰਘ ਵੱਲੋਂ ਸਾਦੇ ਅਨੰਦ ਕਾਰਜ ਕਰਨ ਅਤੇ ਬੀਬੀਆਂ ਨੂੰ ਕੀਰਤਨ ਕਰਨ ਦੇਣ ਬਾਰੇ ਵਿਚਾਰ ਪੇਸ਼ ਕੀਤੇ। ਕਰਨੈਲ ਸਿੰਘ ਮਰਵਾਹਾ ਵੱਲੋਂ ਸਮੂਹ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ।

ਦੂਸਰੇ ਸੈਸ਼ਨ ਵਿਚ ਬਹੁ-ਪੱਖੀ ਸ਼ਖ਼ਸੀਅਤ ਪੂਰਨ ਸਿੰਘ ਪਾਂਧੀ ਨੂੰ 'ਕਲਮਾਂ ਦੀ ਸਾਂਝ ਸਾਹਿਤ ਸਭਾ' ਵੱਲੋਂ 'ਝੀਤਾ ਪਰਿਵਾਰ' (ਸਵਰਗਵਾਸੀ ਮਿਹਰ ਸਿੰਘ ਅਤੇ ਪ੍ਰੀਤਮ ਕੌਰ ਅਤੇ ਉਨ੍ਹਾਂ ਦੇ ਬੱਚਿਆਂ ਬਚਿੱਤਰ ਸਿੰਘ, ਹਰਦਿਆਲ ਸਿੰਘ, ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਸਤਪਾਲ ਕੌਰ, ਸੁਖਵਿੰਦਰ ਕੌਰ, ਕਮਲਜੀਤ ਕੌਰ ਅਤੇ ਸੁਖਜੀਤ ਕੌਰ) ਵੱਲੋਂ 'ਲਾਈਫ਼-ਟਾਈਮ ਅਚੀਵਮੈਂਟ ਐਵਾਰਡ' ਪ੍ਰਦਾਨ ਕੀਤਾ ਗਿਆ। ਇਸ ਮੌਕੇ ਹਾਜ਼ਰ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਸੰਚਾਲਕ ਹਰਦਿਆਲ ਸਿੰਘ ਝੀਤਾ ਨੇ ਕਿਹਾ, "ਕਲਮਾਂ ਦੀ ਸਾਂਝ ਸਾਹਿਤ ਸਭਾ ਟੋਰਾਂਟੋ ਵੱਲੋਂ ਆਰੰਭ ਕੀਤੇ ਗਏ ਪਲੇਠੇ "ਸਤਿਗੁਰੂ ਰਾਮ ਸਿੰਘ ਐਵਾਰਡ" ਨਾਲ ਪੂਰਨ ਸਿੰਘ ਪਾਂਧੀ ਜਿਹੀ ਮਹਾਨ ਸ਼ਖ਼ਸੀਅਤ ਨੂੰ ਸਨਮਾਨਿਤ ਕਰਨ ਵਿਚ ਇਹ ਸੰਸਥਾ ਬੇਹੱਦ ਮਾਣ ਮਹਿਸੂਸ ਕਰਦੀ ਹੈ।



ਹਰਦਿਆਲ ਸਿੰਘ ਝੀਤਾ ਨੇ ਦੱਸਿਆ ਕਿ ਹਰ ਸਾਲ "ਸਤਿਗੁਰੂ ਰਾਮ ਸਿੰਘ ਐਵਾਰਡ" ਨਾਲ ਕਿਸੇ ਨਾ ਕਿਸੇ ਬਹੁ-ਪੱਖੀ ਸ਼ਖ਼ਸੀਅਤ ਨੂੰ ਸਨਮਾਨਿਤ ਕੀਤਾ ਜਾਇਆ ਕਰੇਗਾ।


ਸ. ਪੂਰਨ ਸਿੰਘ ਪਾਂਧੀ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਜ਼ਿਕਰ ਕਰਦਿਆਂ ਉੱਘੇ ਖੇਡ-ਲੇਖਕ ਪ੍ਰਿੰ. ਸਰਵਣ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਗੁਰਦੇਵ ਸਿੰਘ ਮਾਨ, ਕਰਨ ਅਜਾਇਬ ਸਿੰਘ ਸੰਘਾ, ਰਾਜਪਾਲ ਸਿੰਘ ਹੋਠੀ, ਭੂਪਿੰਦਰ ਦੂਲੇ, ਕੇਹਰ ਸਿੰਘ ਮਠਾੜੂ, ਡਾ. ਪਰਗਟ ਸਿੰਘ ਬੱਗਾ ਅਤੇ ਹੋਰ ਵਿਦਵਾਨਾਂ ਨੇ ਦੱਸਿਆ ਕਿ ਪੂਰਨ ਸਿੰਘ ਪਾਂਧੀ ਮਹਾਨ ਵਾਰਤਕਕਾਰ, ਗੁਰਮਤਿ ਤੇ ਗੁਰਬਾਣੀ ਦੇ ਗਿਆਨਵਾਨ, ਕਲਾਸੀਕਲ ਸੰਗੀਤ ਤੇ ਕੀਰਤਨ ਦੇ ਮਾਹਿਰ ਹਨ। ਉਹ ਸਫ਼ਲ ਭਾਸ਼ਾ-ਵਿਗਿਆਨੀ, ਸੁਹਿਰਦ ਅਧਿਆਪਕ, ਪ੍ਰਭਾਵਸ਼ਾਲੀ ਬੁਲਾਰੇ, ਨਿਮਰਤਾ ਦੇ ਪੁੰਜ, ਸੁਚੱਜੀ ਤੇ ਸੁਲਝੀ ਅਤੇ ਸਚਿਆਰੀ ਜੀਵਨ-ਸ਼ੈਲੀ ਦੇ ਮਾਲਕ ਹਨ। ਉਨ੍ਹਾਂ ਨੇ ਡੇਢ ਦਰਜਨ ਕਿਤਾਬਾਂ ਪੰਜਾਬੀ ਮਾਂ-ਬੋਲੀ ਦੀ ਝੋਲੀ 'ਚ ਪਾਈਆਂ। ਉਨ੍ਹਾਂ ਦਾ ਨਾਂ ਵੱਡੇ ਪੰਜਾਬੀ ਲੇਖਕਾਂ ਵਿਚ ਸ਼ੁਮਾਰ ਹੈ। ਪੂਰਨ ਸਿੰਘ ਪਾਂਧੀ ਦੀ ਪੁਸਤਕ 'ਸੰਗੀਤ ਦੀ ਦੁਨੀਆਂ' ਨੂੰ ਪੰਜਾਬੀ ਵਿਚ "ਸੰਗੀਤ ਦਾ ਐਨਸਾਈਕਲੋਪੀਡੀਆ" ਕਿਹਾ ਜਾ ਸਕਦਾ ਹੈ। ਉਹ ਗੁਰਮਤਿ ਸੰਗੀਤ ਦੇ ਮਾਹਿਰ ਹਨ, ਤੰਤੀ ਤੇ ਹੋਰ ਸਾਜ਼ਾਂ ਦੇ ਸਾਜ਼ਿੰਦੇ ਹਨ ਅਤੇ ਪੰਜਾਬੀ ਸਾਹਿਤ ਦੇ ਮਹਾਨ ਵਿਦਵਾਨ ਹਨ।

ਸਮਾਗ਼ਮ ਵਿਚ ਇੰਜੀ. ਈਸ਼ਰ ਸਿੰਘ, ਡਾ. ਰਾਜੇਸ਼ ਪੱਲਣ, ਕੁਲਵਿੰਦਰ ਖਹਿਰਾ, ਦਲਬੀਰ ਸਿੰਘ ਕਥੂਰੀਆ, ਪਿਆਰਾ ਸਿੰਘ ਕੁੱਦੋਵਾਲ, ਮਕਸੂਦ ਚੌਧਰੀ, ਹਰਪਾਲ ਸਿੰਘ ਭਾਟੀਆ, ਮਲਕੀਅਤ ਸਿੰਘ, ਮੱਲ ਸਿੰਘ ਬਾਸੀ, ਸੁਖਚਰਨਜੀਤ ਕੌਰ ਗਿੱਲ, ਹਰਭਜਨ ਕੌਰ ਗਿੱਲ, ਰਮਿੰਦਰ ਵਾਲੀਆ, ਰਿੰਟੂ ਭਾਟੀਆ, ਸੁੰਦਰਪਾਲ ਰਾਜਾਸਾਂਸੀ, ਸਰਬਜੀਤ ਕੌਰ ਕਾਹਲੋਂ ਅਤੇ ਕਈ ਹੋਰ ਸ਼ਾਮਲ ਸਨ।

# ਸਿੱਖਿਆ ’ਚ ਟੈਕਨਾਲੋਜੀ ਤੇ ਮਿਆਰੀ ਸਿੱਖਿਆ ਦਾ ਮੁੱਦਾ



ਕੁਲਦੀਪ ਪੁਰੀ
ਫੋਨ: +91-98729-44552



ਕੋਵਿਡ-19 ਮਹਾਮਾਰੀ ਨੇ ਦੁਨੀਆ ਭਰ ਵਿਚ ਸਿੱਖਿਆ ਦੇ ਕਾਰਜ ਵਿਚ ਗੰਭੀਰ ਵਿਘਨ ਪਾਇਆ। ਕਈ ਮਹੀਨੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਬੰਦ ਕਰਨੀਆਂ ਪਈਆਂ ਸਨ। ਵਿਦਿਆਰਥੀਆਂ ਦੀ ਪੜ੍ਹਾਈ ਦਾ ਕਾਫ਼ੀ ਨੁਕਸਾਨ ਹੋਇਆ। ਉਸ ਵੇਲੇ ਪੜ੍ਹਾਈ ਵਿਚ ਪਈ ਰੋਕ ਤੋੜਨ ਹਿਤ ਵਿਦਿਆਰਥੀਆਂ ਲਈ ਘਰ ਬੈਠਿਆਂ ਹੀ ਆਨਲਾਈਨ ਮਾਧਿਅਮਾਂ ਰਾਹੀਂ ਪੜ੍ਹਾਈ ਦਾ ਪ੍ਰਬੰਧ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਮਹਾਮਾਰੀ ਦੇ ਮੁਸ਼ਕਿਲ ਸਮੇਂ ਵਿਚ ਡਿਜੀਟਲ ਟੈਕਨਾਲੋਜੀ ਉੱਤੇ ਪੂਰੀ ਨਿਰਭਰਤਾ ਦਾ ਹੋਰ ਕੋਈ ਕਾਰਗਰ ਬਦਲ ਨਹੀਂ ਸੀ। ਇਸ ਕਿਸਮ ਦੀ ਸਿੱਖਿਆ ਦੀਆਂ ਦੋ ਮੁੱਖ ਸੀਮਾਵਾਂ ਉਜਾਗਰ ਹੋਈਆਂ ਸਨ। ਪਹਿਲੀ, ਅਜਿਹੀ ਸਿੱਖਿਆ ਦੀ ਪਹੁੰਚ ਸਾਰਿਆਂ ਤੱਕ ਨਹੀਂ ਸੀ ਹੋ ਸਕਦੀ। ਇਹ ਉਨ੍ਹਾਂ ਵਿਦਿਆਰਥੀਆਂ ਤੱਕ ਹੀ ਸੀਮਿਤ ਰਹੀ ਜਿਨ੍ਹਾਂ ਲਈ ਕੰਪਿਊਟਰ ਜਾਂ ਸਮਾਰਟ ਫੋਨ ਦੇ ਨਾਲ ਨਾਲ ਇੰਟਰਨੈੱਟ ਦੀ ਸਹੂਲਤ ਮੌਜੂਦ ਸੀ ਅਤੇ ਅਜਿਹੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਸੀ। ਦੂਜੀ, ਇਹ ਭਰੋਸੇ ਨਾਲ ਬਿਲਕੁਲ ਵੀ ਨਹੀਂ ਸੀ ਕਿਹਾ ਜਾ ਸਕਦਾ ਕਿ ਇਸ ਨਾਲ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੀ। ਆਰਥਿਕ ਮਾਹਿਰ ਜਿਆਂ ਡ੍ਰੇਜ ਦਾ ਅਗਸਤ 2021 ਵਿਚ 15 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਕੀਤਾ ਅਧਿਐਨ ‘ਲੌਕਡ ਆਊਟ: ਐਮਰਜੈਂਸੀ ਰਿਪੋਰਟ ਆਨ ਸਕੂਲ ਐਜੂਕੇਸ਼ਨ’ ਉਪਰੋਕਤ ਤੱਥਾਂ ਦੀ ਪੁਸ਼ਟੀ ਕਰਦਾ ਹੈ।

ਭਾਰਤ ਸਰਕਾਰ ਵੱਲੋਂ ਵਿਦਿਆ ਦੇ ਖੇਤਰ ਵਿਚ ਇਨਕਲਾਬ ਲੈ ਆਉਣ ਦਾ ਦਾਅਵਾ ਕਰਦੀ ਮਹਾਮਾਰੀ ਦੇ ਸਾਏ ਹੇਠ ਜਾਰੀ ਹੋਈ ਨਵੀਂ ਸਿੱਖਿਆ ਨੀਤੀ-2020 ਟੈਕਨਾਲੋਜੀ ਦੇ ਸਿੱਖਿਆ ਵਿਚ ਵੱਡੇ ਦਖ਼ਲ ਦੀ ਹਮਾਇਤੀ ਹੈ। ਨੀਤੀ ਦੇ ਕਥਨ ਅਨੁਸਾਰ ਭਾਰਤੀ ਸਿੱਖਿਆ ਪ੍ਰਣਾਲੀ ਇੰਟਰਨੈੱਟ ਦੀ ਆਮਦ ਨਾਲ ਟੈਕਨਾਲੋਜੀ ਦੇ ਖੇਤਰ ਵਿਚ ਤੇਜ਼ੀ ਨਾਲ ਆਈਆਂ ਤਬਦੀਲੀਆਂ ਦੇ ਹਾਣ ਦੀ ਨਹੀਂ ਹੋ ਸਕੀ। ਇਸ ਕਮਜ਼ੋਰੀ ਨੇ ਸਾਨੂੰ ਤਿੱਖੀ ਮੁਕਾਬਲੇਬਾਜ਼ੀ ਵਾਲੀ ਦੁਨੀਆ ਵਿਚ ਨਿੱਜੀ ਅਤੇ ਕੌਮੀ ਪੱਧਰ ’ਤੇ ਗਹਿਰੇ ਨੁਕਸਾਨ ਵਾਲੀ ਜਗ੍ਹਾ ਉੱਤੇ ਲਿਆ ਖੜ੍ਹਾ ਕੀਤਾ ਹੈ। ਨੀਤੀ ਦੀ ਨਜ਼ਰ ਵਿਚ ਸੰਕਟ ਵਾਲੀ ਇਸ ਸਥਿਤੀ ਤੋਂ ਉੱਭਰਨ ਦਾ ਅਸਰਦਾਰ ਤਰੀਕਾ ਹਰ ਪਲ ਵਿਕਸਿਤ ਹੋ ਰਹੀ ਡਿਜੀਟਲ ਟੈਕਨਾਲੋਜੀ ਨੂੰ ਸਿੱਖਿਆ ਦੀ ਪ੍ਰਕਿਰਿਆ ਨਾਲ ਜੋੜਦੇ ਰਹਿਣ ਵਿਚ ਹੈ। ਇਸੇ ਕੜੀ ਵਿਚ ਆਧੁਨਿਕ ਟੈਕਨਾਲੋਜੀ ਨੂੰ ਪੜ੍ਹਨ-ਪੜ੍ਹਾਉਣ ਦੇ ਕਾਰਜ ਵਿਚ ਪੂਰੀ ਤਰ੍ਹਾਂ ਅਪਨਾਉਣ ਦੇ ਸਮਰਥਕ ਕੇਂਦਰੀ ਸਿੱਖਿਆ ਮੰਤਰਾਲੇ ਦੇ ਅਹਿਮ ਨੁਮਾਇੰਦਿਆਂ ਨੇ ਭਵਿੱਖ ਦੇ ਸਕੂਲਾਂ ਦਾ ਨਕਸ਼ਾ ਤਸੱਵੁਰ ਕਰਦਿਆਂ ਲਿਖਿਆ ਹੈ ਕਿ ਮਹਾਮਾਰੀ ਸਿੱਖਿਆ ਦੇ ਖੇਤਰ ਵਿਚ ਵੱਡਾ ਹਲੂਣਾ ਦੇ ਗਈ ਅਤੇ ਭਵਿੱਖ ਨੂੰ ਸਾਡੇ ਸਾਹਮਣੇ ਇੰਨੀ ਜਲਦੀ ਲੈ ਆਈ ਜਿੰਨਾ ਅਸੀਂ ਕਦੀ ਨਹੀਂ ਸੀ ਸੋਚਿਆ। ਜੇ ਕੋਈ ਮਹਾਮਾਰੀ ਨਾ ਆਉਂਦੀ ਤਾਂ ਸਿੱਖਿਆ ਵਿਚ ਡਿਜੀਟਲ ਤਕਨੀਕਾਂ ਦੀ ਇੰਨੀ ਵੱਧ-ਚੜ੍ਹ ਕੇ ਵਰਤੋਂ ਨਾ ਹੁੰਦੀ। ਸਾਡੇ ਬਹੁਤ ਸਾਰੇ ਅਧਿਆਪਕ ਡਿਜੀਟਲ ਤਕਨੀਕਾਂ ਵਰਤਣ ਤੋਂ ਪਹਿਲਾ ਹੀ ਸੇਵਾਮੁਕਤ ਹੋ ਗਏ ਹੁੰਦੇ। ਸਿਖਿਆਰਥੀ ਆਪਣੀਆਂ ਭਾਸ਼ਾਵਾਂ ਵਿਚ ਵੱਡੀ ਮਾਤਰਾ ਵਿਚ ਵੰਨ-ਸਵੰਨੀ ਨਵੀਂ ਸਮੱਗਰੀ ਜਾਂ ਸਿੱਖਿਆ ਦੇ ਭਿੰਨ ਭਿੰਨ ਡਿਜੀਟਲ ਰੂਪਾਂ ਤੋਂ ਮਹਿਰੂਮ ਰਹਿ ਜਾਂਦੇ (ਅਨੀਤਾ ਕਰਵਾਲ, ਰਜਨੀਸ਼ ਕੁਮਾਰ, ਦਿ ਹਿੰਦੂ, 16 ਸਤੰਬਰ 2021)।

ਟੈਕਨਾਲੋਜੀ ਦੇ ਸਿੱਖਿਆ ਵਿਚ ਦਖ਼ਲ ਪ੍ਰਤੀ ਅਜਿਹੇ ਅਤਿ ਉਤਸ਼ਾਹ ਨੂੰ ਯੂਨੈਸਕੋ ਦੀ ਸਾਲ 2023 ਦੀ ਗਲੋਬਲ ਐਜੂਕੇਸ਼ਨ ਮਾਨੀਟਰਿੰਗ ਰਿਪੋਰਟ ਵਿਚ ਉਠਾਏ ਕੁਝ ਮੁੱਦਿਆਂ ਦੀ ਰੋਸ਼ਨੀ ਵਿਚ ਪਰਖਣ ਦੀ ਲੋੜ ਹੈ। ਮੂਲ ਸਵਾਲ ਟੈਕਨਾਲੋਜੀ ਨੂੰ ਅਪਨਾਉਣ ਨਾਲ ਸਿੱਖਿਆ ਉੱਪਰ ਪੈਣ ਵਾਲੇ ਪ੍ਰਭਾਵਾਂ ਦੇ ਸਬੰਧ ਵਿਚ ਠੋਸ ਅਤੇ ਨਿਰਵਿਵਾਦ ਸਬੂਤਾਂ ਦੀ ਕਮੀ ਦਾ ਹੈ। ਇਸ ਦੇ ਚੰਗੇ ਅਸਰਾਂ ਦੇ ਜਿਹੜੇ ਪ੍ਰਮਾਣ ਮਿਲਦੇ ਵੀ ਹਨ, ਉਨ੍ਹਾਂ ਵਿਚੋਂ ਬਹੁਤੇ ਸਭ ਤੋਂ ਅਮੀਰ ਮੁਲਕਾਂ ਤੋਂ ਆਏ ਹਨ। ਉਨ੍ਹਾਂ ਵਿਚੋਂ ਵੀ ਜ਼ਿਆਦਾ ਸਬੂਤ ਟੈਕਨਾਲੋਜੀ ਸਾਜ਼ੋ-ਸਮਾਨ ਵੇਚਣ ਵਾਲੀਆਂ ਧਿਰਾਂ ਵੱਲੋਂ ਕਰਵਾਈਆਂ ਖੋਜਾਂ ਉੱਤੇ ਆਧਾਰਿਤ ਹਨ। ਬਾਜ਼ਾਰ ਦੀ ਵਿਵਸਥਾ ਵਿਚੋਂ ਪ੍ਰਾਪਤ ਹੋਏ ਇਨ੍ਹਾਂ ਪ੍ਰਮਾਣਾਂ ਦੀ ਭਰੋਸੇਯੋਗਤਾ ਉੱਪਰ ਸਵਾਲ ਉੱਠਣੇ ਤਾਂ ਕੁਦਰਤੀ ਹਨ। ਇਸ ਤੋਂ ਇਲਾਵਾ ਸਿੱਖਿਆ ਟੈਕਨਾਲੋਜੀ ਨਾਲ ਜੁੜੇ ਉਪਕਰਨ ਔਸਤਨ ਹਰ ਤਿੰਨ ਸਾਲਾਂ ਬਾਅਦ ਬਦਲ ਜਾਂਦੇ ਹਨ। ਇੰਨੀ ਤੇਜ਼ੀ ਨਾਲ ਬਦਲਦੇ ਸਾਧਨਾਂ ਦੇ ਸਿੱਖਿਆ ਉੱਪਰ ਹੋਣ ਵਾਲੇ ਪ੍ਰਭਾਵਾਂ ਦਾ ਮੁਲਾਂਕਣ ਵੀ ਲੱਗਭਗ ਅਸੰਭਵ ਹੋ ਜਾਂਦਾ ਹੈ। ਇੰਝ ਲੱਗਦਾ ਹੈ ਕਿ ਸਿੱਖਿਆ ਵਿਚ ਤਕਨਾਲੋਜੀ ਦੀ ਵਰਤੋਂ ਬਾਰੇ ਫੈਸਲੇ ਦਾ ਆਧਾਰ ਉਸ ਦੀ ਸਿੱਖਿਆ ਦੇ ਕਿਸੇ ਖੇਤਰ ਲਈ ਉਪਯੋਗਤਾ ਨਾ ਹੋ ਕੇ ਟੈਕਨਾਲੋਜੀ ਦੀ ਉਪਲਬਧਤਾ ਹੁੰਦਾ ਹੈ। ਇਸ ਨਾਲ ਕਈ ਵਾਰ ਵਰਤੋਂ ਵਿਚ ਆਉਂਦੀ ਤਕਨੀਕ ਸਿੱਖਿਆ ਵਿਚ ਸਹਾਇਕ ਹੋਣ ਦੀ ਥਾਂ ਰੋੜਾ ਬਣ ਜਾਂਦੀ ਹੈ। ਸਿੱਖਿਆ ਦਾ ਮੁੱਖ ਮੰਤਵ ਹੀ ਹੀਣ ਰਹਿ ਜਾਂਦਾ ਹੈ।

ਇਹ ਦਾਅਵਾ ਕੀਤਾ ਜਾਂਦਾ ਹੈ ਕਿ ਟੈਕਨਾਲੋਜੀ ਸਿੱਖਿਆ ਨੂੰ ਅਸਾਨੀ ਨਾਲ ਸਾਰਿਆਂ ਤੱਕ ਪਹੁੰਚਾਉਣਾ ਯਕੀਨੀ ਬਣਾਉਣ ਵਿਚ ਮਦਦਗਾਰ ਹੁੰਦੀ ਹੈ। ਇਹ ਸੱਚ ਹੈ ਕਿ ਮਹਾਮਾਰੀ ਦੌਰਾਨ ਆਨਲਾਈਨ ਮਾਧਿਅਮਾਂ ਰਾਹੀਂ ਦਿੱਤੀ ਜਾਂਦੀ ਸਿੱਖਿਆ ਨੇ ਸਕੂਲ ਬੰਦ ਹੋ ਜਾਣ ਉੱਤੇ ਸਿੱਖਿਆ ਵਿਚ ਪੈਣ ਵਾਲੇ ਘਾਟੇ ਨੂੰ ਕੁਝ ਹੱਦ ਤੱਕ ਪੂਰਾ ਕਰਨ ਵਿਚ ਮਦਦ ਕੀਤੀ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਦੁਨੀਆ ਭਰ ਵਿਚ ਓਪਨ ਅਤੇ ਡਿਸਟੈਂਸ ਸਿੱਖਿਆ ਵਿਧੀ ਰਾਹੀਂ ਇੱਕ ਅਰਬ ਤੋਂ ਵਧ ਵਿਦਿਆਰਥੀਆਂ ਤੱਕ ਪਹੁੰਚਣ ਦੀ ਸਮਰੱਥਾ ਸੀ ਪਰ ਅੰਕੜੇ ਇਹ ਵੀ ਉਜਾਗਰ ਕਰਦੇ ਹਨ ਕਿ ਦੁਨੀਆ ਦੇ ਵਿਦਿਆਰਥੀਆਂ ਦਾ ਲੱਗਭਗ ਇੱਕ ਤਿਹਾਈ ਹਿੱਸਾ ਇਸ ਸਹੂਲਤ ਤੋਂ ਵਾਂਝਾ ਰਹਿ ਗਿਆ। ਛੁੱਟ ਗਏ ਇਨ੍ਹਾਂ ਵਿਦਿਆਰਥੀਆਂ ਵਿਚੋਂ 72 ਪ੍ਰਤੀਸ਼ਤ ਅਤਿਅੰਤ ਗਰੀਬ ਵਰਗ ਨਾਲ ਸਬੰਧ ਰੱਖਦੇ ਸਨ। ਅਜਿਹਾ ਉਨ੍ਹਾਂ ਕੋਲ ਉਪਕਰਨਾਂ ਦੀ ਅਣਹੋਂਦ ਅਤੇ ਇੰਟਰਨੈੱਟ ਨਾਲ ਜੁੜਨ ਦੀਆਂ ਤਕਨੀਕੀ ਅਤੇ ਆਰਥਿਕ ਰੁਕਾਵਟਾਂ ਕਰ ਕੇ ਹੀ ਹੋਇਆ ਹੋਵੇਗਾ। ਜਦੋਂ ਲੋੜੀਂਦੀ ਸਮੱਗਰੀ ਅਤੇ ਇੰਟਰਨੈੱਟ ਤੱਕ ਪਹੁੰਚ ਹੀ ਅਸਾਵੀਂ ਹੋ ਜਾਏ ਤਾਂ ਸਿੱਖਿਆ ਪ੍ਰਾਪਤੀ ਦਾ ਅਧਿਕਾਰ ਵੀ ਨਾ-ਬਰਾਬਰੀ ਦਾ ਸ਼ਿਕਾਰ ਹੋ ਜਾਂਦਾ ਹੈ। ਸਿੱਖਿਆ ਦੀ ਪਹੁੰਚ ਨੂੰ ਅਸਾਨੀ ਨਾਲ ਸਾਰਿਆਂ ਤੱਕ ਯਕੀਨੀ ਬਣਾਉਣ ਵਾਲੇ ਦਾਅਵੇ ਦੀ ਮਜ਼ਬੂਤੀ ਵੀ ਨਰਮ ਪੈ ਜਾਂਦੀ ਹੈ।

ਟੈਕਨਾਲੋਜੀ ਹਰ ਵਿਦਿਆਰਥੀ ਨੂੰ ਆਪਣੇ ਆਪ ਇਕੱਲ ਵਿਚ ਸਿੱਖਿਆ ਪ੍ਰਾਪਤ ਕਰ ਲੈਣ ਦੇ ਕਾਬਿਲ ਬਣਾ ਦੇਣ ਦਾ ਵਾਅਦਾ ਕਰਦੀ ਹੈ। ਇਕੱਲਾ ਬੱਚਾ ਆਪਣੇ ਡਿਜੀਟਲ ਉਪਕਰਨ ਦੀ ਸਹਾਇਤਾ ਨਾਲ ਬਿਨਾਂ ਕਿਸੇ ਸਕੂਲ ਜਾਂ ਕਾਲਜ ਵਿਚ ਹਰ ਰੋਜ਼ ਗਏ, ਬੇਰੋਕ-ਟੋਕ ਆਪਣਾ ਪੜ੍ਹਨ-ਸਿੱਖਣ ਦਾ ਪੰਧ ਤੈਅ ਕਰ ਸਕਦਾ ਹੈ। ਇਹ ਸਮਝ ਸਿੱਖਿਆ ਦੀ ਮੂਲ ਧਾਰਨਾ ਦੇ ਉਲਟ ਹੈ। ਸਿੱਖਿਆ ਪ੍ਰਕਿਰਿਆ ਦੇ ਸਮਾਜਿਕ ਪਸਾਰ ਵੀ ਹਨ। ਵਿਦਿਆਰਥੀ ਨੂੰ ਏਕਾਂਤ ਦੇ ਨਾਲ ਨਾਲ ਜ਼ਿੰਦਗੀ ਨਾਲ ਧੜਕਦੇ ਸਕੂਲ ਤੇ ਕਾਲਜ, ਸਾਥੀ ਵਿਦਿਆਰਥੀਆਂ ਨਾਲ ਰਲ ਕੇ ਮਸਲਿਆਂ ਨੂੰ ਸਿੱਖਣ-ਸਮਝਣ ਦੇ ਮੌਕੇ, ਅਧਿਆਪਕਾਂ ਨਾਲ ਸੰਵਾਦ, ਖੁੱਲ੍ਹੇ ਖੇਡ ਮੈਦਾਨ, ਚੰਗੀ ਲਾਇਬ੍ਰੇਰੀ ਅਤੇ ਆਧੁਨਿਕ ਪ੍ਰਯੋਗਸ਼ਾਲਾ ਮੁਹੱਈਆ ਹੋਣੇ ਚਾਹੀਦੇ ਹਨ। ਸਿੱਖਿਆ ਦੀਆਂ ਇਨ੍ਹਾਂ ਬੁਨਿਆਦੀ ਲੋੜਾਂ ਦਾ ਕੋਈ ਵੀ ਬਿਹਤਰ ਬਦਲ ਸੰਭਵ ਨਹੀਂ ਹੋ ਸਕਦਾ। ਟੈਕਨਾਲੋਜੀ ਦੀ ਇਸ ਵੱਡੇ ਪੱਧਰ ‘ਤੇ ਆਮਦ ਤੋਂ ਪਹਿਲਾਂ ਵੀ ਦੁਨੀਆ ਦੇ ਵਿਕਸਿਤ ਮੁਲਕਾਂ ਨੇ ਆਪਣੇ ਬੱਚਿਆਂ ਲਈ ਮਿਆਰੀ ਸਕੂਲੀ ਸਿੱਖਿਆ ਮੁਹੱਈਆ ਕਰਵਾਈ ਹੀ ਸੀ।

ਆਪਣੇ ਘਰ ਦੇ ਕਮਰੇ ਜਾਂ ਕਿਸੇ ਨੁੱਕਰ ਵਿਚ ਅਧਿਆਪਕ ਅਤੇ ਸੰਸਥਾ ਤੋਂ ਦੂਰ ਮਸ਼ੀਨ ਅੱਗੇ ਬੈਠੇ ਵਿਦਿਆਰਥੀ ਦੇ ਸਿੱਖਣ ਮਿਆਰ ਚੰਗੇ ਹੀ ਹੋਣਗੇ, ਇਹ ਜ਼ਰੂਰੀ ਨਹੀਂ। ਮਿਸਾਲ ਵਜੋਂ ਅਮਰੀਕਾ ਵਿਚ 20 ਲੱਖ ਵਿਦਿਆਰਥੀਆਂ ਦੇ ਆਧਾਰ ’ਤੇ ਕੀਤੇ ਵਿਸ਼ਲੇਸ਼ਣ ਤੋਂ ਸਪਸ਼ਟ ਹੋਇਆ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਕੇਵਲ ਦੂਰ ਤੋਂ ਹੀ ਪੜ੍ਹਾਈ ਸਬੰਧੀ ਹਦਾਇਤਾਂ ਦਿੱਤੀਆਂ ਜਾਂਦੀਆਂ ਸਨ, ਉਨ੍ਹਾਂ ਦੇ ਸਿੱਖਣ ਪੱਧਰ ਵਿਚਲਾ ਖੱਪਾ ਗਹਿਰਾ ਹੋ ਗਿਆ। ਪ੍ਰੋਗਰਾਮ ਫਾਰ ਇੰਟਰਨੈਸ਼ਨਲ ਸਟੂਡੈਂਟ ਪਰਫਾਰਮੈਂਸ (ਪੀਸਾ) ਦੇ ਅਧਿਐਨ ਨੇ ਜ਼ਾਹਿਰ ਕੀਤਾ ਹੈ ਕਿ ਸੂਚਨਾ ਅਤੇ ਸੰਚਾਰ ਟੈਕਨਾਲੋਜੀ ਦੀ ਬੇ-ਹਿਸਾਬ ਵਰਤੋਂ ਜਾਂ ਗ਼ੈਰ-ਵਾਜਿਬ ਟੈਕਨਾਲੋਜੀ ਦੀ ਵਰਤੋਂ ਦਾ ਇਮਤਿਹਾਨਾਂ ਵਿਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨਾਲ ਨਕਾਰਾਤਮਕ ਰਿਸ਼ਤਾ ਹੈ। ਦੁਨੀਆ ਦੇ ਚੌਦਾਂ ਮੁਲਕਾਂ ਵਿਚ ਹੋਈ ਖੋਜ ਦੇ ਅਨੁਸਾਰ ਮੋਬਾਈਲ ਫੋਨ ਨਾਲ ਵਿਦਿਆਰਥੀਆਂ ਦੀ ਵਧੇਰੇ ਨੇੜਤਾ ਉਨ੍ਹਾਂ ਦਾ ਪੜ੍ਹਾਈ ਤੋਂ ਧਿਆਨ ਭਟਕਾਉਂਦੀ ਹੈ ਅਤੇ ਉਨ੍ਹਾਂ ਦੀ ਸਿੱਖਣ ਪ੍ਰਕਿਰਿਆ ਉੱਤੇ ਬੁਰਾ ਅਸਰ ਪਾਉਂਦੀ ਹੈ। ਦੁਨੀਆ ਦੇ ਲੱਗਭਗ ਇੱਕ ਚੌਥਾਈ ਮੁਲਕਾਂ ਨੇ ਸਕੂਲਾਂ ਵਿਚ ਸਮਾਰਟ ਫੋਨਾਂ ਦੀ ਵਰਤੋਂ ’ਤੇ ਪਾਬੰਦੀ ਲਗਾ ਦਿੱਤੀ ਹੈ।

ਸਿੱਖਿਆ ਵਿਚ ਟੈਕਨਾਲੋਜੀ ਦੀ ਸਰਦਾਰੀ ਨੇ ਵਿਸ਼ਿਆਂ ਦੀ ਗਹਿਰਾਈ ਵਿਚ ਜਾਣ ਅਤੇ ਘੋਖਵੀਂ ਪੜਤਾਲ ਕਰਨ ਦੇ ਮਾਇਨੇ ਹੀ ਬਦਲ ਦਿੱਤੇ ਹਨ। ਆਮ ਤੌਰ ’ਤੇ ਅਤਿ ਆਧੁਨਿਕ ਟੈਕਨਾਲੋਜੀ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆ ਦੇ ਘੜੇ-ਘੜਾਏ ਬੁਨਿਆਦੀ ਸਵਾਲਾਂ-ਜਵਾਬਾਂ ਵਿਚ ਮੁਹਾਰਤ ਹਾਸਿਲ ਕਰਨ, ਅਧਿਆਪਕ ਵੱਲੋਂ ਦਿੱਤਾ ਕੰਮ ਕਰ ਕੇ ਘਰ ਬੈਠਿਆਂ ਅਪਲੋਡ ਕਰਨ ਅਤੇ ਬਦਲੇ ਵਿਚ ਅਧਿਆਪਕ ਦੀਆਂ ਟਿੱਪਣੀਆਂ ਪ੍ਰਾਪਤ ਕਰਨ ਤੱਕ ਹੀ ਸੀਮਤ ਰਹਿੰਦੀ ਹੈ। ਵਿਦਿਆਰਥੀਆਂ ਵਿਚ ਆਜ਼ਾਦਾਨਾ ਅਤੇ ਵਿਵੇਚਨਾਤਮਕ ਸੋਚ ਪੈਦਾ ਕਰਨ ਵਿਚ ਇਸ ਦੀ ਭੂਮਿਕਾ ਨਾਂਹ ਦੇ ਬਰਾਬਰ ਹੁੰਦੀ ਹੈ। ਯੂਨੈਸਕੋ ਦੀ ਰਿਪੋਰਟ ਦਾ ਕਹਿਣਾ ਹੈ ਕਿ ਵਧੇਰੇ ਮੁਲਕਾਂ ਵਿਚ ਟੈਕਨਾਲੋਜੀ ਅਪਨਾਉਣ ਦੇ ਨਾਲ ਨਾਲ ਡਾਟਾ ਸੁਰੱਖਿਅਤ ਰੱਖਣ ਲਈ ਕੀਤੀਆਂ ਜਾਣ ਵਾਲੀਆਂ ਪੇਸ਼ਬੰਦੀਆਂ ਦੀ ਅਣਹੋਂਦ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਨਿੱਜਤਾ ਨੂੰ ਖ਼ਤਰੇ ਦੇ ਖੇਤਰ ਵਿਚ ਲਿਆ ਦਿੱਤਾ ਹੈ। ਇਹ ਸਮੁੱਚੀ ਸਥਿਤੀ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਲਈ ਦਿੱਕਤਾਂ ਪੈਦਾ ਕਰ ਸਕਦੀ ਹੈ।

ਇਸ ਸਾਰੇ ਵਰਤਾਰੇ ਵਿਚ ਵਪਾਰਕ ਅਤੇ ਨਿੱਜੀ ਅਦਾਰਿਆਂ ਦੇ ਹਿਤ ਹਾਵੀ ਹੋ ਰਹੇ ਹਨ। ਸਿੱਖਿਆ ਨੀਤੀ-2020 ਵੱਲੋਂ ਨਿੱਜੀ ਅਦਾਰਿਆਂ ਨੂੰ ਸਿੱਖਿਆ ਦੇ ਖੇਤਰ ਵਿਚ ਨਿਵੇਸ਼ ਕਰਨ ਦਾ ਸੱਦਾ ਸਿੱਖਿਆ ਨੂੰ ਕਾਰੋਬਾਰ ਦੇ ਦਾਇਰੇ ਵੱਲ ਪਹਿਲਾ ਨਾਲੋਂ ਵਧੇਰੇ ਤੇਜ਼ੀ ਨਾਲ ਖਿੱਚ ਕੇ ਲੈ ਗਿਆ ਹੈ। ਜਨ ਸਧਾਰਨ ਤੱਕ ਮਿਆਰੀ ਸਿੱਖਿਆ ਪਹੁੰਚਾਉਣ ਦਾ ਨਿਸ਼ਾਨਾ ਅਤੇ ਸਿੱਖਿਆ ਵਿਚ ਵਪਾਰਕ ਹਿਤਾਂ ਦੀ ਪੂਰਤੀ ਇੱਕ ਦੂਜੇ ਤੋਂ ਉਲਟ ਦਿਸ਼ਾ ਵਿਚ ਹੀ ਚੱਲਦੇ ਹਨ। ਇਸ ਸਥਿਤੀ ਵਿਚ ਨਿਮਨ ਅਤੇ ਮੱਧਮ ਆਮਦਨੀ ਵਾਲੇ ਮੁਲਕਾਂ ਲਈ ਟੈਕਨਾਲੋਜੀ ਉੱਤੇ ਵਧੇਰੇ ਪੂੰਜੀ ਨਿਵੇਸ਼ ਕਰਨ ਦੇ ਮੁਕਾਬਲੇ ਵਿਦਿਅਕ ਸੰਸਥਾਵਾਂ ਵਿਚ ਬੁਨਿਆਦੀ ਸਹੂਲਤਾਂ ਜੁਟਾਉਣ ਵੱਲ ਧਿਆਨ ਦੇਣਾ ਸਿੱਖਿਆ ਦੇ ਪੱਖੋਂ ਬਿਹਤਰ ਨੀਤੀ ਹੋਵੇਗੀ। ਸਿੱਖਿਆ ਦੇ ਕਾਰਜ ਵਿਚ ਟੈਕਨਾਲੋਜੀ ਅਹਿਮ ਸਾਧਨ ਹੈ, ਉਸ ਦੀ ਮੰਜ਼ਿਲ ਨਹੀਂ।

---

# ਸੱਚਾ ਸਬਕ

ਰਸ਼ਪਿੰਦਰ ਪਾਲ ਕੌਰ

ਸਵੇਰੇ ਮੂੰਹ ਹਨੇਰੇ ਹੀ ਹਸਪਤਾਲ ਦਾ ਰੁਖ਼ ਕੀਤਾ। ਸੁਵੱਖਤੇ ਹੀ ਮਾਲਵੇ ਦੇ ਏਮਸ ਜਾ ਪਹੁੰਚੇ। ਪਰਚੀ ਲਈ ਕਤਾਰ ਵਿਚ ਲੱਗੇ। ਬੰਦ ਖਿੜਕੀਆਂ ਸਾਹਵੇਂ ਸਵੇਰ ਸਾਰ ਹੀ ਕਤਾਰਾਂ ਵਿਚ ਲੋਕਾਂ ਦੀ ਭੀੜ ਜੁਟੀ ਦੇਖੀ। ਖਿੜਕੀ ਖੁੱਲ੍ਹਣ ਵਿਚ ਅਜੇ ਦੋ ਘੰਟੇ ਸਨ। ਚੁੱਪ-ਚਾਪ ਵਿਦਿਆਰਥੀਆਂ ਵਾਂਗ ਕਤਾਰਾਂ ਵਿਚ ਲੱਗੇ। ਉਦਾਸ, ਨਿਰਾਸ਼ ਚਿਹਰੇ। ਨੌਜਵਾਨ, ਅੱਧਖੜ੍ਹ ਤੇ ਬਜ਼ੁਰਗ, ਸਾਰੇ ਉਮਰ ਵਰਗ ਦੇ ਮਰਦ ਔਰਤਾਂ। ਹੱਥਾਂ ਵਿਚ ਫੜੀਆਂ ਪਰਚੀਆਂ ਤੇ ਟੈਸਟ ਰਿਪੋਰਟਾਂ। ਜ਼ਿੰਦਗੀ ਦੀ ਡੋਰ ਲੰਮੀ ਕਰਨ ਦੀ ਉਮੀਦ ਨਾਲ ਖੜ੍ਹੇ। ਅੱਖਾਂ ਵਿਚ ਆਸ ਦੀ ਕਿਰਨ। ਬਿਮਾਰ ਤੇ ਕਮਜ਼ੋਰ ਮਰੀਜ਼ ਕਤਾਰਾਂ ਵਿਚ ਆਪਣੇ ਨੰਬਰ ਬੈਠੇ ਨਜ਼ਰ ਆਏ। ਆਪਸ ਵਿਚ ਗੱਲਬਾਤ ਕਰਦੇ। ਬੰਦ ਖਿੜਕੀਆਂ ਦੇ ਖੁੱਲ੍ਹਣ ਦੀ ਉਡੀਕ ਕਰਦੇ। ਵਰਦੀ ਦੇ ਅਨੁਸ਼ਾਸਨ ਬੱਝੇ ਸੁਰੱਖਿਆ ਕਰਮੀ ਵਾਰ ਵਾਰ ਆਉਂਦੇ। ਕਤਾਰਾਂ ਵਿਚ ਲੱਗਣ ਅਤੇ ਚੁੱਪ ਰਹਿਣ ਦੀ ਤਾਕੀਦ ਕਰਦੇ।

ਭਾਰਤ ਸਰਕਾਰ ਦਾ ਉੱਚਤਮ ਅਦਾਰਾ। ਪੁੱਛ ਗਿੱਛ ਕੇਂਦਰ ਦੀ ਸਹੂਲਤ ਨਹੀਂ। ਸੁਰੱਖਿਆ ਗਾਰਡ ਇਹ ਡਿਊਟੀ ਵੀ ਕਰਦੇ ਨਜ਼ਰ ਆਏ। ਮਰੀਜ਼ਾਂ ਵਿਚ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ, ਸਰਹੱਦਾਂ ’ਤੇ ਕੁਰਬਾਨ ਹੋਏ ਸੈਨਿਕਾਂ ਲਈ ਕੋਈ ਖਿੜਕੀ ਨਹੀਂ ਸੀ। ਇਹ ਦੇਖ ਵਿਧਵਾਵਾਂ, ਅਨਾਥਾਂ ਤੇ ਖੁਦਕਸ਼ੀ ਪੀੜਤਾਂ ਦੀ ਪਹਿਲ ਦੇ ਆਧਾਰ ’ਤੇ ਸੁਣਵਾਈ ਦੀ ਆਸ ਹੀ ਬੁਝਦੀ ਨਜ਼ਰ ਆਈ। ਖਿੜਕੀਆਂ ਖੁੱਲ੍ਹਣ ਤੱਕ ਹੁੰਮਸ ਮਰੀਜ਼ਾਂ ਦਾ ਸਿਦਕ ਪਰਖਦੀ ਰਹੀ।

ਨਿਸਚਿਤ ਸਮੇਂ ’ਤੇ ਖਿੜਕੀਆਂ ਖੁੱਲ੍ਹੀਆਂ। ਓਪੋ-ਆਪਣੀ ਪਰਚੀ ਕਟਾ ਮਰੀਜ਼ ਡਾਕਟਰਾਂ ਦੇ ਵਿਭਾਗਾਂ ਵੱਲ ਅਹੁਲੇ। ਬਾਹਰ ਬੈਂਚਾਂ ’ਤੇ ਬੈਠ ਵਾਰੀ ਦੀ ਉਡੀਕ ਹੋਣ ਲੱਗੀ। ਡਾਕਟਰਾਂ ਦੇ ਆਉਣ ਵਿਚ ਅਜੇ ਵਕਤ ਸੀ। ਮਰੀਜ਼ਾਂ ਨਾਲ ਆਏ ਸਨੇਹੀ ਆਪਸ ਵਿਚ ਇੱਕ ਦੂਜੇ ਦਾ ਹਾਲ ਚਾਲ ਜਾਣਨ ਲੱਗੇ। ‘ਕੋਈ ਏਥੇ ਸੁੱਖੀ ਸਾਂਦੀਂ ਤਾਂ ਆਉਂਦਾ ਨ੍ਹੀਂ। ਕਿਸੇ ਨਾ ਕਿਸੇ ਬਿਮਾਰੀ ਦਾ ਸਤਾਇਆ ਏਥੇ ਇਲਾਜ ਨੂੰ ਆਉਂਦਾ। ਹਰ ਘਰ ਨੂੰ ਬਿਮਾਰੀ ਨੇ ਨੱਪਿਆ ਹੋਇਆ। ਗਰੀਬ ਬੰਦਾ ਤਾਂ ਇਲਾਜ ਖੁਣੋਂ ਜਾਨ ਤੋਂ ਹੱਥ ਧੋ ਬੈਠਦਾ’। ਇੱਕ ਬੀਬੀ ਨੇ ਦਵਾਈ ਲੈਣ ਆਈ ਨਾਲ ਬੈਠੀ ਔਰਤ ਨੂੰ ਸੱਚ ਦੀ ਸੁਣਾਈ। ‘ਬਿਲਕੁਲ ਸੋਲਾਂ ਆਨੇ ਸੱਚ ਐ ਭੈਣੇ ਤੇਰੀ ਗੱਲ। ਜੇ ਏਹੋ ਜਿਹੇ ਸਰਕਾਰੀ ਹਸਪਤਾਲ ਚਾਰੇ ਪਾਸੇ ਹੋਣ ਤਾਂ ਲੋਕਾਂ ਦਾ ਭਲਾ ਹੋ ਜੇ। ਸੌ ਕੋਹਾਂ ਤੋਂ ਚੱਲ ’ਤੇ ਏਥੇ ਆਉਣਾ ਪੈਂਦਾ’। ਦੂਸਰੀ ਬੀਬੀ ਬੋਲੀ।

ਡਾਕਟਰਾਂ ਦੇ ਆਉਣ ’ਤੇ ਮਰੀਜ਼ਾਂ ਨੂੰ ਬੁਲਾਇਆ ਜਾਣ ਲੱਗਾ।

ਮੈਂ ਆਪਣੀ ਵਾਰੀ ਦੀ ਉਡੀਕ ਵਿਚ ਸਾਂ। ਨਾਲ ਹੀ ਮਾਨਸਿਕ ਰੋਗਾਂ ਦਾ ਵਿਭਾਗ ਸੀ। ਸਾਡੇ ਨਾਲ ਹੀ ਬਾਹਰ ਬੈਂਚ ’ਤੇ ਬੈਠੇ ਮਰੀਜ਼। ਜ਼ਿਆਦਾਤਰ ਗਿਣਤੀ ਨੌਜਵਾਨ ਮੁੰਡੇ ਕੁੜੀਆਂ ਦੀ ਸੀ ਜਿਹੜੇ ਆਪਣੇ ਮਾਪਿਆਂ ਨਾਲ ਵਾਰੀ ਦੀ ਉਡੀਕ ਵਿਚ ਸਨ। ਸੁੱਕ ਕੇ ਤੀਲਾ ਬਣੇ ਨੌਜਵਾਨ ਨੂੰ ਉਸ ਦੀ ਮਾਂ ਦਿਲਾਸਾ ਦੇ ਰਹੀ ਸੀ, “ਕੋਈ ਨਾ ਪੁੱਤ ਸਭ ਠੀਕ ਹੋ ਜੂ, ਤੂੰ ਹੌਸਲਾ ਰੱਖ। ਤੈਨੂੰ ਹੁਣ ਅੱਗੇ ਨਾਲੋਂ ਤਾਂ ਬਹੁਤ ਫਰਕ ਐ। ਆਪਣੇ ਬਾਪ ਤੋਂ ਬਾਅਦ ਤੂੰ ਈ ਘਰ ਦਾ ਚਿਰਾਗ ਏਂ। ਮੁਸ਼ਕਿਲਾਂ ਤਾਂ ਆਉਂਦੀਆਂ ਜਾਂਦੀਆਂ ਨੇ। ਜ਼ਿੰਦਗੀ ਨ੍ਹੀਂ ਵਾਰ ਵਾਰ ਮਿਲਦੀ। ਮਨ ਤਕੜਾ ਕਰ। ਵਿਰ ਵਿਰ ਨਾ ਕਰਿਆ ਕਰ। ਦਵਾਈ ਨਾਲ ਹੌਸਲਾ ਵੀ ਜਰੂਰੀ ਹੁੰਦਾ।”

ਨੌਜਵਾਨ ਸ਼ਾਂਤ ਚਿਤ ਸੁਣਦਾ ਰਿਹਾ। ਮਨ ਮਸਤਕ ਖਿਆਲਾਂ ਦੀ ਤੰਦ ਬੁਣਨ ਲੱਗਾ।

“ਭਲਾ ਮਾਨਸਿਕ ਰੋਗੀ ਬਣਨ ਨੂੰ ਕੀਹਦਾ ਜੀਅ ਕਰਦਾ! ਹਾਲਾਤ ਹੀ ਇਸ ਰਾਹ ਤੋਰਦੇ। ਘਰ ਪਰਿਵਾਰਾਂ ਵਿਚ ਵਿਤਕਰਾ ਝੱਲਦੇ। ਗਰੀਬੀ ਦਾ ਸੰਤਾਪ ਹੰਢਾਉਂਦੇ। ਪੜ੍ਹ ਲਿਖ ਕੇ ਵੀ ਰੁਜ਼ਗਾਰ ਤੋਂ ਸੱਖਣੇ ਰਹਿੰਦੇ। ਖੁਦਕਸ਼ੀਆਂ ਦੀ ਮਾਰ ਹੇਠ ਆਏ। ਬੇਵੱਸ, ਮਜਬੂਰ ਮਨ ਦੇ ਰੋਗੀਆਂ ਵਿਚ ਜਾ ਸ਼ਾਮਲ ਹੁੰਦੇ। ਥੁੜ੍ਹਾਂ ਮਾਰਿਆਂ ਨੂੰ ਕਿਤੇ ਢੋਈ ਨਹੀਂ ਮਿਲਦੀ। ਮਹਿੰਗਾ ਇਲਾਜ ਵੱਸੋਂ ਬਾਹਰ ਹੋਣ ’ਤੇ ਡੇਰਿਆਂ ਦੇ ਭਰਮ ਜਾਲ ਜਾ ਫਸਦੇ। ਝੂਠੀ ਆਸ ਲਗਾਈ ਜ਼ਿੰਦਗੀ ਦਾ ਬੋਝ ਢੋਂਦੇ। ਰੋਗੀ ਬਣੇ ਬੇਘਰ ਹੋ ਰਾਹਾਂ ਦੀ ਖ਼ਾਕ ਛਾਣਦੇ ਹਨ। ਅਗਿਆਨਤਾ ਵੱਸ ਚੇਲਿਆਂ ਮਗਰ ਲੱਗ ਸੁੱਖ ਸੀਰਨੀਆਂ ਦੇਣ ਲਗਦੇ। ਰੁਲਦੇ ਖੁਲਦੇ ਜ਼ਿੰਦਗੀ ਦੀ ਵਾਟ ਮੁਕਾ ਜਾਂਦੇ।” ਆਪਣੀ ਵਾਰੀ ਦੀ ਆਵਾਜ਼ ਨੇ ਮੇਰਾ ਧਿਆਨ ਮੋੜਿਆ।

ਡਾਕਟਰ ਨੂੰ ਮਿਲ ਦਵਾਈ ਲੈਣ ਲਈ ਮੁੜ ਕਤਾਰ ਵਿਚ ਆ ਖੜ੍ਹੇ। ਵ੍ਹੀਲ ਚੇਅਰ ’ਤੇ ਬੈਠੇ ਨੌਜਵਾਨ ਦੀ ਦਵਾਈ ਲੈਣ ਲਈ ਖੜ੍ਹਾ ਬਾਪ ਕਲਪਣ ਲੱਗਾ, “ਸਾਡਾ ਤਾਂ ਜਿਊਣਾ ਈ ਦਾਅ ’ਤੇ ਲੱਗ ਗਿਆ। ਇਹ ਮੇਰਾ ਇਕਲੌਤਾ ਪੁੱਤ ਐ। ਚੰਗਾ ਭਲਾ ਸੀ। ਬਾਰਾਂ ਜਮਾਤਾਂ ਪਾਸ। ਬਾਹਰ ਜਾਣ ਦੀ ਜ਼ਿਦ ਨੇ ਏਹ ਹਾਲਤ ਕਰ ਦਿੱਤੀ। ਦੋ ਏਕੜ ਜ਼ਮੀਨ ਵੇਚ ਕੇ ਬਾਹਰ ਭੇਜਣ ਦਾ ਪ੍ਰਬੰਧ ਕੀਤਾ। ਏਜੰਟ ਧੋਖਾ ਦੇ ਗਿਆ। ਅਸਲ ਦੇਸ਼ ਤਾਂ ਪਹੁੰਚੇ ਨ੍ਹੀਂ। ਕਈ ਮਹੀਨੇ ਮਸਕਟ ਰੁਲ ਖੁਲ ਕੇ ਰੋਗੀ ਬਣ ਖਾਲੀ ਹੱਥ ਵਾਪਸ ਮੁੜ ਆਇਆ। ਨਾ ਕੁਝ ਬੋਲਦਾ ਚਲਦਾ, ਨਾ ਖਾਂਦਾ ਪੀਂਦਾ। ਚੰਗੇ ਦਿਨਾਂ ਦੀ ਆਸ ਵਿਚ ਜ਼ਮੀਨ ਵੀ ਗਈ ਤੇ ਭਵਿੱਖ ਵੀ ਗੁਆਚ ਗਿਆ।”

ਸਟੋਰ ਤੋਂ ਦਵਾਈ ਲੈ ਬਾਹਰ ਵੱਲ ਮੁੜੇ। ਮੀਲਾਂ ਵਿਚ ਫੈਲੇ ਖੋਜ ਤੇ ਸਿਹਤ ਕੇਂਦਰ ਵਿਚੋਂ ਬਾਹਰ ਨਿਕਲੇ। ਸੋਚਾਂ ਕਰਵਟ ਭਰਨ ਲੱਗੀਆਂ- ‘ਹਰ ਬੰਦਾ ਜਿਊਣਾ ਲੋਚਦਾ। ਜ਼ਿੰਦਗੀ ਦਾ ਸੁਖ ਮਾਣਨਾ ਚਾਹੁੰਦਾ। ਰੁਕਾਵਟਾਂ ਜਿਊਣ ਰਾਹ ਦੇ ਕੰਡੇ ਬਣ ਬੈਠਦੀਆਂ। ਘਰਾਂ ਦੀਆਂ ਮਜਬੂਰੀਆਂ, ਪ੍ਰੇਸ਼ਾਨੀਆਂ ਤੇ ਸਰੀਰ ਦੀਆਂ ਬਿਮਾਰੀਆਂ ਸੁਖਦ ਪਲਾਂ ਨੂੰ ਦੁੱਖ ਵਿਚ ਤਬਦੀਲ ਕਰਦੀਆਂ। ਬੰਦੇ ਦੀ ’ਕੱਲੀ-’ਕਹਿਰੀ ਜਾਨ। ਹਰ ਰਾਹ ’ਤੇ ਮੁਸ਼ਕਿਲਾਂ ਦਾ ਵਿਛਿਆ ਜਾਲ। ਬੰਦਾ ਕਿੱਧਰ ਜਾਵੇ!’...

ਸਕੂਲ ਵਿਚ ਖੇਤ ਮਜ਼ਦੂਰ ਮਾਪਿਆਂ ਨਾਲ ਅਕਸਰ ਆਉਂਦੇ ਜਾਂਦੇ ਕਾਕਾ ਪ੍ਰਧਾਨ ਦੇ ਬੋਲ ਆਸ ਦੀ ਤੰਦ ਬਣਦੇ ਹਨ: “ਬੰਦਾ ਚਾਹੇ ਤਾਂ ਕੀ ਨ੍ਹੀਂ ਕਰ ਸਕਦਾ ਪਰ ਅਸੀਂ ’ਕੱਲੇ-’ਕੱਲੇ ਕਲਪਦੇ ਹਾਂ। ਹੋਰਾਂ ਨੂੰ ਲਤਾੜ ਕੇ ਅੱਗੇ ਵਧਣਾ ਚਾਹੁੰਦੇ ਆਂ। ਮੁਸ਼ਕਿਲਾਂ ਨੂੰ ਮਾਤ ਦੇਣਾ ਚਾਹੁੰਦੇ ਆਂ। ਏਕੇ ਦੀ ਤਾਕਤ ਭੁੱਲ ਜਾਂਦੇ ਹਾਂ। ’ਕੱਠਾਂ ਨਾਲ ਮਿਲਦੀਆਂ ਜਿੱਤਾਂ ਯਾਦ ਨ੍ਹੀਂ ਰਖਦੇ। ਸੰਘਰਸ਼ ਦੇ ਰਾਹ ਨ੍ਹੀਂ ਤੁਰਦੇ।” ਇਹ ਬੋਲ ਮਨ ਨੂੰ ਸੁਖਾਵੇਂ ਰੌਂਅ ਕਰਦੇ ਹਨ। ਸਾਰਿਆਂ ਨੂੰ ਨਾਲ ਲੈ ਕੇ ਚੱਲਣਾ। ਏਕੇ ਨੂੰ ਢਾਲ ਬਣਾ ਤੁਰਨਾ। ਸੰਘਰਸ਼ਾਂ ਨਾਲ ਚੁਣੌਤੀਆਂ ਨੂੰ ਟੱਕਰਨਾ। ਇਹ ਧਾਰਨਾ ਮੈਨੂੰ ਜ਼ਿੰਦਗੀ ਦਾ ਸੱਚਾ ਸਬਕ ਪ੍ਰਤੀਤ ਹੁੰਦੀ ਹੈ ਜਿਸ ਵਿਚ ਸੁਖਾਵੇਂ ਸਾਵੇਂ ਸਮਾਜ ਦਾ ਭਵਿੱਖ ਸਮੋਇਆ ਹੈ।

# ਰੂਸੀ ਇਨਕਲਾਬ ਲਈ ਜ਼ਮੀਨ ਤਿਆਰ ਕਰਨ ਵਾਲਾ ਨਾਵਲ - ਮੁਰਦਾਂ ਰੂਹਾਂ


ਲੇਖਕ: ਨਿਕੋਲਾਈ ਗੋਗੋਲ
ਪੰਜਾਬੀ ਅਨੁਵਾਦ - ਜਸਪਾਲ ਘਈ

ਨਿਕੋਲਾਈ ਗੋਗੋਲ ਦਾ ਸ਼ੁਮਾਰ ਰੂਸੀ ਸਾਹਿਤ ਦੇ ਉਨ੍ਹਾਂ ਮੋਢੀ ਲੇਖਕਾਂ ਵਿਚ ਕੀਤਾ ਜਾਂਦਾ ਹੈ ਜਿਸਦੀ ਲੇਖਣੀ ਦਾ ਪ੍ਰਭਾਵ ਰੂਸ ਦੇ ਵੱਡੇ ਤੋਂ ਵੱਡੇ ਲੇਖਕਾਂ ਨੇ ਵੀ ਕਬੂਲਿਆ ਹੈ। ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੇ ਆਪਣੇ ਸਮਕਾਲੀ ਰਾਜਸੀ ਤੇ ਆਰਥਿਕ ਪ੍ਰਬੰਧ ਦੀ ਜਿਹੜੀ ਤਸਵੀਰ ਉਸਦੇ ਨਾਵਲਾਂ ਨੇ ਪੇਸ਼ ਕੀਤੀ ਹੈ ਉਸਦੀ ਸਜ਼ਾ ਵਜੋਂ ਨਾਵਲਕਾਰ ਨੂੰ ਆਪਣਾ ਮੁਲਕ ਛੱਡ ਕੇ ਜਲਾਵਤਨ ਵੀ ਹੋਣਾ ਪਿਆ ਤੇ ਅਨੇਕਾਂ ਤਰ੍ਹਾਂ ਦੇ ਮਾਨਸਿਕ ਤਸੀਹੇ ਵੀ ਸਹਿਣੇ ਪਏ। ਉਸਦਾ ਹਥਲਾ ਨਾਵਲ 'ਮੁਰਦਾ ਰੂਹਾਂ' (ਡੈੱਡ ਸੋਲਜ਼) ਰਾਹੀਂ ਉਸ ਰੂਸੀ ਇਨਕਲਾਬ ਤੋਂ ਪਹਿਲਾਂ ਦੀ ਜਾਗੀਰਦਾਰੀ

**ਨਿਰੰਜਣ ਬੋਹਾ**
**ਫੋਨ: 89682-82700**

ਵਿਵਸਥਾ ਵਿਚ ਗੁਲਾਮਾਂ ਦੀ ਹੋਣ ਵਾਲੀ ਦੁਰਦਸ਼ਾ ਬਾਰੇ ਜਿਹੜਾ ਸਜੀਵ ਬਿਰਤਾਂਤ ਸਿਰਜਿਆ ਹੈ, ਉਹ ਪਾਠਕਾਂ ਦੇ ਲੂੰ-ਕੰਡੇ ਖੜ੍ਹੇ ਕਰਨ ਵਾਲਾ ਹੈ। ਇਸ ਤਰ੍ਹਾਂ ਕਰਕੇ ਉਹ ਨਾ ਕੇਵਲ ਲੋਕ ਹਿਤੈਸ਼ੀ ਸਾਹਿਤ ਦੀ ਨੀਂਹ ਰੱਖਣ ਵਾਲਾ ਮੋਢੀ ਲੇਖਕ ਬਣਿਆ ਹੈ, ਸਗੋਂ ਰੂਸੀ ਇਨਕਲਾਬ ਲਈ ਜ਼ਮੀਨ ਤਿਆਰ ਕਰਨ ਵਿਚ ਵੀ ਉਸ ਅਹਿਮ ਭੂਮਿਕਾ ਨਿਭਾਈ ਹੈ। ਜਦੋਂ ਨਾਵਲ ਦੇ ਅੰਤ 'ਤੇ ਇਸਦੇ ਮੁੱਖ ਪਾਤਰ ਪਾਵੇਲ ਇਵਾਨੋਵਿਚ ਚਿਚਾਕੋਵ ਅੰਦਰਲੀ ਮੂਰਛਿਤ ਹੋਈ ਮਾਨਵੀ ਸੰਵੇਦਨਾ ਜਾਗਦੀ ਹੈ ਤਾਂ ਇਸ ਨਾਵਲ ਦੀ ਪਾਠ ਤਾਸੀਰ ਵੀ ਮਾਨਵਤਾਵਾਦੀ ਅਰਥ ਗ੍ਰਹਿਣ ਕਰ ਲੈਂਦੀ ਹੈ।

ਨਾਵਲ ਆਪਣੇ ਮੁੱਖ ਪਾਤਰ ਚਿਚਾਕੋਵ ਦੀ ਮੁੱਢਲੀ ਪਛਾਣ ਮੁਰਦਾ ਰੂਹਾਂ ਖਰੀਦਣ ਵਾਲੇ ਰਹੱਸਮਈ ਕਿਰਦਾਰ ਵਜੋਂ ਕਰਾਉਂਦਾ ਹੈ ਤਾਂ ਪਾਠਕ ਨਾਵਲ ਦੇ ਮੁੱਢ ਤੋਂ ਹੀ ਇਸ ਪਾਤਰ ਦੀ ਅਸਲੀਅਤ ਤੱਕ ਪਹੁੰਚਣ ਲਈ ਉਤਾਵਲਾ ਹੋ ਜਾਂਦਾ ਹੈ। ਉਹ ਮੁਰਦਾ ਰੂਹਾਂ ਖਰੀਦਣ ਲਈ ਹਰ ਉਸ ਜਗੀਰਦਾਰ ਤੱਕ ਪਹੁੰਚ ਕਰਦਾ ਹੈ ਜਿਸ ਦੀ ਮਾਲਕੀ ਹੇਠਲੇ ਗੁਲਾਮ ਇਲਾਜ ਦੀ ਘਾਟ ਜਾਂ ਹੋਰ ਕਾਰਨਾਂ ਕਰਕੇ ਅਸਲ ਵਿਚ ਤਾਂ ਮਰ ਚੁੱਕੇ ਹਨ ਪਰ ਮਰਦਮਸ਼ੁਮਾਰੀ ਦੇ ਦਸਤਾਵੇਜ਼ਾਂ ਵਿਚ ਜਿਉਂਦੇ ਵਿਖਾਏ ਗਏ ਹਨ। ਮੁਰਦਾ ਗੁਲਾਮ ਵੇਚਣ ਵਾਲੇ ਜਾਗੀਰਦਾਰਾਂ ਨੂੰ ਉਹ ਇਸ ਤਰ੍ਹਾਂ ਭਰਮਾਉਂਦਾ ਹੈ ਕਿ ਉਹ ਬਿਨਾਂ ਕੋਈ ਸ਼ੱਕ ਕੀਤੇ ਆਪਣੇ ਮਰੇ ਹੋਏ ਗੁਲਾਮ ਉਸਨੂੰ ਵੇਚਣ ਲਈ ਤਿਆਰ ਹੋ ਜਾਣ। ਇਸ ਮਕਸਦ ਲਈ ਉਹ ਆਪਣੇ ਆਪ ਨੂੰ ਕਾਲਜੀਏਟ ਕਾਉਂਸਲਰ ਜਗੀਰਦਾਰ ਦਰਸਾ ਕੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ, ਨੌਕਰਸ਼ਾਹਾਂ, ਸੱਤਾਧਾਰੀ ਲੋਕਾਂ ਤੇ ਜਾਗੀਰਦਾਰਾਂ ਨਾਲ ਆਪਣੇ ਦੋਸਤਾਨਾਂ ਸਬੰਧ ਪੈਦਾ ਕਰਦਾ ਹੈ। ਕੁਝ ਜਾਗੀਰਦਾਰ ਉਸਦੇ ਇਸ ਰਹੱਸਮਈ ਕਾਰੋਬਾਰ ਬਾਰੇ ਸ਼ੰਕਾ ਕਰਦੇ ਹਨ ਤਾਂ ਸੱਚ ਲੱਗਣ ਵਾਲਾ ਝੂਠ ਬੋਲ ਕੇ ਉਨ੍ਹਾਂ ਦੀ ਤਸੱਲੀ ਕਰਵਾ ਦਿੰਦਾ ਹੈ। ਆਪਣਾ ਇਹ ਮਕਸਦ ਪੂਰਾ ਕਰਨ ਲਈ ਉਹ ਜਾਗੀਰਦਾਰਾਂ ਦਾ ਵਿਸ਼ਵਾਸ ਵੀ ਜਿੱਤਦਾ ਹੈ ਤੇ ਉਨ੍ਹਾਂ ਅੰਦਰਲੀਆਂ ਲੋਭ ਲਾਲਚ ਦੀਆਂ ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕਰਦਾ ਹੈ।




ਚਿਚਾਕੋਵ ਤੇ ਜਾਗੀਰਦਾਰਾਂ ਦੇ ਵਿਚਕਾਰ ਮਰੇ ਗੁਲਾਮਾਂ ਦੀ ਵੇਚ-ਖਰੀਦ ਦੀ ਸਮੁੱਚੀ ਪ੍ਰਕਿਰਿਆ ਵਿਚੋਂ ਜਾਗੀਰਦਾਰਾਂ ਦੀ ਵਹਿਸ਼ਤ ਤੇ ਗੁਲਾਮਾਂ ਦੀ ਦੁਰਦਸ਼ਾ ਦੇ ਜਿਹੜੇ ਦ੍ਰਿਸ਼ ਉਭਰਦੇ ਹਨ, ਉਹ ਪਾਠਕਾਂ ਨੂੰ ਬੇਚੈਨ ਕਰਨ ਵਾਲੇ ਹਨ। ਇਹ ਨਾਵਲ ਇਸ ਕੌੜੇ ਤੇ ਤਲਖ ਸੱਚ ਨੂੰ ਦਸਤਾਵੇਜ਼ੀ ਰੂਪ ਵਿਚ ਜਿਉਂਦਾ ਰੱਖਣ ਦਾ ਕਾਰਜ ਵੀ ਕਰਦਾ ਹੈ ਕਿ ਜ਼ਾਰਸ਼ਾਹੀ ਦੌਰ ਵਿਚ ਕਿਸ ਤਰ੍ਹਾਂ ਗੁਲਾਮਾਂ ਦੀ ਘੱਟ ਜਾਂ ਵੱਧ ਗਿਣਤੀ ਕਿਸੇ ਜਗੀਰਦਾਰ ਦੀ ਸੰਪੰਨਤਾ ਦਾ ਮਾਪਦੰਡ ਸਮਝੀ ਜਾਂਦੀ ਸੀ ਤੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲਾ ਗੁਲਾਮਾਂ ਦੀ ਵੇਚ ਖਰੀਦ ਦਾ ਵਰਤਾਰਾ ਸਰਕਾਰੀ ਤੌਰ 'ਤੇ ਮਾਨਤਾ ਪ੍ਰਾਪਤ ਕਾਰੋਬਾਰ ਸੀ। ਉਸ ਵੇਲੇ ਜ਼ਮੀਨ ਤੇ ਹੋਰ ਵਸਤੂਆਂ ਵਾਂਗ ਕਿਸੇ ਗੁਲਾਮ ਦੀ ਖਰੀਦ ਦੀ ਸਰਕਾਰੀ ਰਜਿਸਟਰੀ ਵੀ ਹੁੰਦੀ ਸੀ ਤੇ ਜਗੀਰਦਾਰਾਂ ਨੂੰ ਆਪਣੇ ਖਰੀਦੇ ਗੁਲਾਮਾਂ ਨਾਲ ਜਿਵੇਂ ਮਰਜ਼ੀ ਦਾ ਵਿਹਾਰ ਕਰਨ ਦਾ ਅਧਿਕਾਰ ਵੀ ਹਾਸਿਲ ਸੀ। ਚਿਚਾਕੋਵ ਦੇ ਗੁਲਾਮ ਨੌਕਰ ਸ਼ੈਲੀਫਨ ਦੇ ਇਨ੍ਹਾਂ ਸ਼ਬਦਾਂ ਵਿਚ ਗੁਲਾਮਾਂ ਵੱਲੋਂ ਜਗੀਰਦਾਰਾਂ ਦਾ ਜਬਰ ਚੁੱਪ-ਚਾਪ ਸਹਿਣ ਕਰਦੇ ਰਹਿਣ ਦੀ ਮਜਬੂਰੀ ਵੀ ਛੁਪੀ ਹੈ-

"ਜੇ ਮੈਂ ਕੋਈ ਗਲਤ ਕੰਮ ਕੀਤਾ ਹੈ ਤਾਂ ਕੋੜੇ ਜ਼ਰੂਰ ਵਰ੍ਹਾਓ ਜਨਾਬ, ਜੇ ਕੰਮ ਵਿਚ ਕੋਈ ਗਲਤੀ ਨਹੀਂ ਤੇ ਮਾਲਕ ਕੋੜੇ ਵਰ੍ਹਾਉਣਾ ਚਾਹੁੰਦਾ ਹੈ ਤਾਂ ਵਰ੍ਹਾ ਲਵੇ। ਹਾਲਤ ਕੋਈ ਵੀ ਹੋਵੇ, ਕੋੜੇ ਜ਼ਰੂਰੀ ਹਨ, ਕਿਉਂਕਿ ਕੋੜੇ ਵਰ੍ਹਾਉਣ ਨਾਲ ਵਿਵਸਥਾ ਬਣੀ ਰਹਿੰਦੀ ਹੈ। ਕੋੜੇ ਨਾ ਵਰ੍ਹਨਗੇ ਤਾਂ ਗੁਲਾਮ ਬਾਗੀ ਹੋ ਜਾਣਗੇ, ਇਸ ਲਈ ਕੋੜੇ ਵਰ੍ਹਦੇ ਹੀ ਰਹਿਣੇ ਚਾਹੀਦੇ ਹਨ।"

ਚਿਚਾਕੋਵ ਮਰੇ ਗੁਲਾਮਾਂ ਦੀ ਮਾਲਕੀ ਕਿਉਂ ਹਾਸਿਲ ਕਰਦਾ ਹੈ? ਇਹ ਜਾਨਣ ਦੀ ਉਤਸੁਕਤਾ ਨਾਵਲ ਦੇ ਪਾਠਕ ਵਿਚ ਲਗਾਤਾਰ ਬਣੀ ਰਹਿੰਦੀ ਹੈ। ਕਾਗਜ਼ਾਂ ਵਿਚ ਖਰੀਦੇ ਗੁਲਾਮਾਂ ਦੀ ਗਿਣਤੀ ਵਧਣ 'ਤੇ ਉਸਦੇ ਅਮੀਰ ਹੋਣ ਦਾ ਭਰਮ ਪੈਦਾ ਹੋਣ ਲੱਗਦਾ ਹੈ ਤਾਂ ਉਹ ਗਵਰਨਰ ਦੀ ਧੀ ਨਾਲ ਵਿਆਹ ਕਰਾਉਣ ਦੇ ਸੁਫਨੇ ਵੀ ਵੇਖਣ ਲੱਗ ਪੈਂਦਾ ਹੈ। ਨਾਵਲ ਦੀ ਕਹਾਣੀ ਵਿਚ ਤਿੱਖਾ ਮੋੜ ਉਸ ਵੇਲੇ ਆਉਂਦਾ ਹੈ, ਜਦੋ ਇਕ ਸ਼ਰਾਬੀ ਤੇ ਜੁਆਰੀ ਜਗੀਰਦਾਰ ਨੋਜ਼ਦੋਰੋਵ ਗਵਰਨਰ ਦੀ ਪਾਰਟੀ ਵਿਚ ਪਹੁੰਚ ਕੇ ਇਸ ਰਾਜ਼ ਤੋਂ ਪਰਦਾ ਚੁੱਕ ਦਿੰਦਾ ਹੈ ਕਿ ਉਸ ਵੱਲੋਂ ਖਰੀਦੇ ਜਾ ਰਹੇ ਗੁਲਾਮ ਜਿਉਂਦੇ ਨਹੀਂ ਸਗੋਂ ਮੁਰਦਾ ਰੂਹਾਂ ਹਨ। ਕੁਝ ਲੋਕਾਂ ਦਾ ਉਸ ਬਾਰੇ ਇਹ ਖਿਆਲ ਵੀ ਬਣਦਾ ਹੈ ਕਿ ਇਹ ਸਰਕਾਰ ਦੇ ਖੁਫੀਆ ਵਿਭਾਗ ਦਾ ਬੰਦਾ ਹੈ, ਜੋ ਗੁਲਾਮਾਂ ਬਾਰੇ ਗੁਪਤ ਜਾਣਕਾਰੀਆਂ ਹਾਸਿਲ ਕਰ ਕੇ ਜਗੀਰਦਾਰਾਂ ਲਈ ਨਵੀਂ ਮੁਸੀਬਤ ਖੜ੍ਹੀ ਕਰ ਸਕਦਾ ਹੈ। ਨਵੇਂ ਗਵਰਨਰ ਦੀ ਨਿਯੁਕਤੀ ਹੋਣ 'ਤੇ ਜਦੋਂ ਉਸ ਵੱਲ ਉਠਦੀਆਂ ਸ਼ੱਕੀ ਨਜ਼ਰਾਂ ਵਿਚ ਵਾਧਾ ਹੋ ਜਾਂਦਾ ਹੈ ਤਾਂ ਉਹ ਆਪਣਾ ਠਿਕਾਣਾ ਬਦਲ ਲੈਂਦਾ ਹੈ ਤੇ ਕੁਝ ਚਿਰ ਚੁੱਪ ਰਹਿਣ ਤੋਂ ਬਾਅਦ ਫਿਰ ਆਪਣੇ ਪੁਰਾਣੇ ਕਾਰੋਬਾਰ ਵੱਲ ਪਰਤ ਆਉਂਦਾ ਹੈ।

ਜਦੋਂ ਉਸ ਵੱਲੋਂ ਮੁਰਦਾ ਰੂਹਾਂ ਖਰੀਦਣ ਦਾ ਮਕਸਦ ਸਾਹਮਣੇ ਆਉਂਦਾ ਹੈ ਤਾਂ ਜ਼ਾਰਸ਼ਾਹੀ ਰਾਜਨੀਤਕ ਵਿਵਸਥਾ ਪ੍ਰਤੀ ਲੋਕਾਂ ਦੇ ਮਨਾਂ ਵਿਚ ਪਈ ਨਫ਼ਰਤ ਛੁਪਾਏ ਵੀ ਨਹੀਂ ਛੁਪਦੀ। ਚਿਚਾਕੋਵ ਅਸਲ ਵਿਚ ਮਰੇ ਪਰ ਕਾਗਜ਼ਾਂ ਵਿਚ ਜਿਉਂਦੇ ਗੁਲਾਮਾਂ ਨੂੰ ਸਰਕਾਰੀ ਬੈਂਕ ਕੋਲ ਗਿਰਵੀ ਰੱਖ ਕੇ ਵੱਡਾ ਕਰਜ਼ਾ ਪ੍ਰਾਪਤ ਕਰਨਾ ਚਾਹੁੰਦਾ ਹੈ, ਤਾਂ ਜੋ ਉਸਦੀ ਗਿਣਤੀ ਰੂਸ ਦੇ ਚੋਣਵੇਂ ਅਮੀਰਾਂ ਵਿਚ ਹੋ ਸਕੇ। ਇਸਦਾ ਅਰਥ ਇਹ ਬਣਦਾ ਹੈ ਕਿ ਉਸ ਵੇਲੇ ਗੁਲਾਮਾਂ ਨੂੰ ਵੇਚਣ-ਖਰੀਦਣ ਦਾ ਅਣਮਨੁੱਖੀ ਕਾਰੋਬਾਰ ਜਗੀਰਦਾਰੀ ਪੱਧਰ 'ਤੇ ਹੀ ਨਹੀਂ ਸਗੋਂ ਸਰਕਾਰੀ ਪੱਧਰ 'ਤੇ ਹੀ ਕਾਨੂੰਨੀ ਮਾਨਤਾ ਪ੍ਰਾਪਤ ਕਾਰੋਬਾਰ ਸੀ। ਚਿਚਾਕੋਵ ਆਪ ਤਾਂ ਕੁਝ ਸਮੇਂ ਲਈ ਗੁਪਤਵਾਸ ਰਹਿ ਕੇ ਆਪਣੀ ਗ੍ਰਿਫ਼ਤਾਰੀ ਤੋਂ ਬਚ ਜਾਂਦਾ ਹੈ, ਪਰ ਉਸ 'ਤੇ ਵਿਸ਼ਵਾਸ ਕਰਨ ਵਾਲੇ ਸਰਕਾਰੀ ਕਰਮਚਾਰੀ ਵੱਡੀ ਮੁਸੀਬਤ ਵਿਚ ਫਸ ਜਾਂਦੇ ਹਨ। ਉਸਦੇ ਸ਼ਬਦ ਜਾਲ ਵਿਚ ਫਸਿਆ ਇੱਕ ਸਰਕਾਰੀ ਵਕੀਲ ਤਾਂ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਆਤਮ ਹੱਤਿਆ ਹੀ ਕਰ ਲੈਂਦਾ ਹੈ।

ਵਿਧਵਾ ਔਰਤ ਹੌਸਾਰੋਵਾ ਦੀ ਜਾਲੀ ਵਸੀਅਤ ਤਿਆਰ ਕਰਨ ਦੇ ਮਾਮਲੇ ਵਿਚ ਆਖਿਰ ਉਹ ਆਪਣੇ ਹੀ ਬੁਣੇ ਜਾਲ ਵਿਚ ਫਸ ਕੇ ਜੇਲ੍ਹ ਪਹੁੰਚ ਜਾਂਦਾ ਹੈ। ਰਿਆਸਤ ਦਾ ਹੁਕਮਰਾਨ ਪ੍ਰਿੰਸ ਉਸਦੇ ਗੁਨਾਹਾਂ ਨੂੰ ਵੇਖਦਿਆਂ ਉਸਨੂੰ ਸਖ਼ਤ ਸਜ਼ਾ ਦੇਣਾ ਚਾਹੁੰਦਾ ਹੈ ਪਰ ਇਸ ਸਮੇਂ ਬੁਰਾਈ ਨੂੰ ਚੰਗਿਆਈ ਨਾਲ ਮਾਤ ਦੇਣ ਦੀ ਧਾਰਨਾ ਰੱਖਦਾ ਧਾਰਮਿਕ ਤੇ ਸਮਾਜਸੇਵੀ ਪੁਰਸ਼ ਅਬਾਨਾਸੀ ਮੁਜ਼ਾਰੋਵ ਉਸ ਦੇ ਪੱਖ ਵਿਚ ਆ ਜਾਂਦਾ ਹੈ। ਚਾਹੇ ਹੁਕਮਰਾਨ ਪ੍ਰਿੰਸ ਚਿਚਾਕੋਵ ਨੂੰ ਨਫਰਤ ਕਰਨ ਦੀ ਹੱਦ ਤੱਕ ਨਾ ਪਸੰਦ ਕਰਦਾ ਹੈ ਪਰ ਮੁਜ਼ਾਰੋਵ ਦੇ ਪ੍ਰਭਾਵ ਵਿਚ ਹੋਣ ਕਾਰਨ ਉਸਨੂੰ ਇਸ ਦਲੀਲ ਨਾਲ ਸਹਿਮਤ ਹੋਣਾ ਹੀ ਪੈਂਦਾ ਹੈ ਕਿ ਜਿਨ੍ਹਾਂ ਨੂੰ ਅਸੀਂ ਘਿਰਣਾਯੋਗ ਅਪਰਾਧੀ ਸਮਝਦੇ ਹਾਂ ਉਹ ਵੀ ਆਖਿਰ ਮਨੁੱਖ ਹਨ ਤੇ ਹਰ ਮਨੁੱਖ ਨੂੰ ਜਾਣੇ ਜਾਂ ਅਣਜਾਣੇ ਵਿਚ ਹੋਈਆਂ ਗਲਤੀਆਂ ਦੇ ਸੁਧਾਰ ਦਾ ਮੌਕਾ ਮਿਲਣਾ ਚਾਹੀਦਾ ਹੈ।

ਅੱਜ ਦੇ ਸਮੇਂ ਦੀ ਪ੍ਰਸੰਗਿਕਤਾ ਵਿਚ ਚਾਹੇ ਨਾਵਲ ਦਾ ਅੰਤ ਲੋੜੋਂ ਵੱਧ ਆਦਰਸ਼ਕ ਰੰਗਤ ਵਾਲਾ ਲੱਗਦਾ ਹੈ ਪਰ ਸਾਨੂੰ ਇਹ ਯਾਦ ਰੱਖਣਾ ਪਵੇਗਾ ਕਿ ਇਹ ਨਾਵਲ 19ਵੀਂ ਸਦੀ ਵਿਚ ਲਿਖਿਆ ਗਿਆ ਸੀ, ਜਦੋਂ ਆਦਰਸ਼ਵਾਦ ਮਨੁੱਖੀ ਜੀਵਨ-ਜਾਚ ਦਾ ਅਹਿਮ ਤੇ ਜ਼ਰੂਰੀ ਹਿੱਸਾ ਸੀ। ਉਦੋਂ ਆਦਰਸ਼ਵਾਦੀ ਮਨੁੱਖ ਨੂੰ ਅੱਜ ਵਾਂਗ ਗੈਰ ਯਥਾਰਥਕ ਨਹੀਂ ਸੀ ਗਰਦਾਨਿਆ ਜਾਂਦਾ, ਸਗੋਂ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਪ੍ਰਿੰਸ ਵੱਲੋਂ ਆਬਾਨਾਸੀ ਮੁਜ਼ਾਰੋਵ ਦੀ ਸਿਫਾਰਸ਼ 'ਤੇ ਚਿਚਾਕੋਵ ਨੂੰ ਸੁਧਰਨ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਉਸਨੂੰ ਵੀ ਇਹ ਅਹਿਸਾਸ ਹੋਣ ਲੱਗਦਾ ਹੈ ਕਿ ਉਹ ਹੁਣ ਪੁਰਾਣਾ ਚਿਚਾਕੋਵ ਨਹੀਂ ਰਿਹਾ, ਸਗੋਂ ਮੁਜ਼ਾਰੋਵ ਵਾਂਗ ਲੋਕਾਂ ਦੇ ਕੰਮ ਸੁਆਰਨ ਲਈ ਉਸਦਾ ਨਵਾਂ ਜਨਮ ਹੋ ਚੁੱਕਾ ਹੈ। 19ਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੌਰਾਨ ਅਜਿਹੇ ਮਨੁੱਖਤਵਾਦੀ ਆਦਰਸ਼ਵਾਦ ਤੋਂ ਇਲਾਵਾ ਲੇਖਕਾਂ ਕੋਲ ਬੁਰਾਈ ਦਾ ਕੋਈ ਢੁੱਕਵਾਂ ਬਦਲ ਵੀ ਨਹੀਂ ਸੀ। ਇਸ ਨਾਵਲ ਦਾ ਅਸਲ ਮਕਸਦ ਗੁਲਾਮ ਪ੍ਰਥਾ ਦੇ ਵਿਰੋਧ ਵਿਚ ਲੋਕ ਰਾਇ ਤਿਆਰ ਕਰਨ ਵਿਚ ਨਹਿਤ ਹੈ ਤੇ ਨਾਵਲਕਾਰ ਇਸ ਮਕਸਦ ਦੀ ਪੂਰਤੀ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਜਾਗੀਰਦਾਰੀ ਤੇ ਰਜਵਾੜਾਸ਼ਾਹੀ ਖਿਲਾਫ਼ ਲੋਕ ਰਾਇ ਤਿਆਰ ਕਰਨ ਦੇ ਕਾਰਜ ਕਰਦੀਆਂ ਰਹੀਆਂ ਅਜਿਹੀਆਂ ਹੀ ਸਾਹਿਤਕ ਰਚਨਾਵਾਂ ਨੇ ਪੜਾਅ-ਦਰ-ਪੜਾਅ ਰੂਸ ਦੀ ਕ੍ਰਾਂਤੀ ਲਈ ਜ਼ਮੀਨ ਤਿਆਰ ਕੀਤੀ ਸੀ। ਇਸ ਨਾਵਲ ਵਿਚ ਕਹਾਣੀ ਰਸ ਕਮਾਲ ਦਾ ਹੈ। ਚਿਚਾਕੋਵ ਦੀ ਅਗਲੀ ਕਾਰਵਾਈ ਕਿਹੋ ਜਿਹੀ ਹੋਵੇਗੀ ਬਾਰੇ ਜਾਨਣ ਦੀ ਉਤਸੁਕਤਾ ਨਾਵਲ ਪਾਠ ਵਿਚ ਪਾਠਕਾਂ ਦੀ ਦਿਲਚਸਪੀ ਨੂੰ ਲਗਾਤਾਰ ਬਰਕਰਾਰ ਰੱਖਦੀ ਹੈ। ਸੰਸਾਰ ਪੱਧਰ 'ਤੇ ਕਲਾਸਿਕ ਨਾਵਲ ਹੋਣ ਦੀ ਮਾਨਤਾ ਰੱਖਣ ਵਾਲੇ ਇਸ ਨਾਵਲ ਦਾ ਬਹੁਤ ਹੀ ਸੁਚੱਜਾ ਅਨੁਵਾਦ ਨਾਮਵਰ ਗ਼ਜ਼ਲਗੋ ਤੇ ਅਨੁਵਾਦਕ ਪ੍ਰੋ. ਜਸਪਾਲ ਘਈ ਵੱਲੋਂ ਕੀਤਾ ਗਿਆ ਹੈ। ਮੈਂ ਪ੍ਰੋ. ਘਈ ਦੀ ਅਨੁਵਾਦ ਕਲਾ ਦਾ ਇਸ ਲਈ ਵੀ ਪ੍ਰਸ਼ੰਸਕ ਹਾਂ ਕਿ ਉਹ ਸਦੀਆਂ ਪਹਿਲਾਂ ਦੇ ਰੂਸੀ ਸਭਿਆਚਾਰ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਨ ਦੀ ਸਮਰੱਥਾ ਰੱਖਦਾ ਹੈ। 228 ਪੰਨਿਆਂ 'ਤੇ ਆਧਾਰਿਤ 300 ਰੁਪਏ ਮੁੱਲ ਦੇ ਇਸ ਨਾਵਲ ਨੂੰ ਮਾਨਬੁੱਕ ਸਟੋਰ ਪਬਲੀਕੇਸ਼ਨਜ਼ ਤੁੰਗਵਾਲੀ (ਬਠਿੰਡਾ) ਨੇ ਛਾਪਿਆ ਹੈ।

# ਸ਼ਬਦਾਂ ਅਤੇ ਸੋਚਾਂ ਦਾ ਜਾਦੂਗਰ - ਕਮਲ ਬੰਗਾ

ਦਮਨ, ਪੀੜ, ਪੀੜ ਦਾ ਅਹਿਸਾਸ, ਪੀੜ ਦੀ ਅਵਚੇਤਨੀ ਸੂਝ ਅਤੇ ਪੀੜ ਦਾ ਸੰਦਰਭ ਪ੍ਰਸਿੱਧ ਕਵੀ ਕਮਲ ਬੰਗਾ ਦੀ ਪੁਸਤਕ 'ਨਵੀਂ-ਬੁਲਬੁਲ' ਦਾ ਅਧਾਰ ਹੈ।

ਕਿਸੇ ਵੀ ਅਧਾਰ 'ਤੇ ਕੀਤਾ ਪੱਖਪਾਤ, ਅਨਿਆਂ ਅਤੇ ਦਮਨ ਮਨੁੱਖ ਨੂੰ ਪੀੜਾ ਦਿੰਦਾ ਹੈ। ਇਸ ਪੱਖਪਾਤ, ਦਮਨ ਅਤੇ ਅਨਿਆਂ ਦੇ ਬੀਜਾਂ ਨੂੰ ਚਿੰਤਕ ਅਤੇ ਅਦੀਬ ਲੋਕ ਪਹਿਚਾਣਦੇ ਹਨ ਅਤੇ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਇਸ ਉਪਰ ਚਿੰਤਨੀ ਸੰਵਾਦ ਰਚਾਉਂਦੇ ਹਨ। ਕਮਲ ਬੰਗਾ ਉਨ੍ਹਾਂ ਚਿੰਤਕਾਂ 'ਚੋਂ ਇਕ ਹੈ, ਜੋ ਪੌੜੀ-ਦਰ-ਪੌੜੀ 2008 ਤੋਂ 2023 ਤੱਕ 17 ਪੁਸਤਕਾਂ ਪਾਠਕਾਂ ਦੀ ਝੋਲੀ ਪਾ ਕੇ ਇਹ ਸੰਵਾਦ ਰਚਾਉਂਦਾ ਰਿਹਾ ਹੈ।

"ਜਿਵੇਂ ਦੀਵੇ ਨਾਲ ਦੀਵਾ ਲਾ ਕੇ ਰੌਸ਼ਨ ਕਰੀਦਾ ਬਨੇਰਾ,
ਉਵੇਂ ਦਿਲ ਤੋਂ ਦਿਲ ਤੀਕ, ਮੇਰਾ ਪਹੁੰਚ ਜਾਂਦਾ ਸੁਨੇਹਾ।"

ਪੁਰਤਗਾਲ ਦੇ ਨੋਬੇਲ ਪੁਰਸਕਾਰ ਜੇਤੂ ਜੋਸੇ ਸਰਾਮਾਗੋ ਨੇ ਨੋਬੇਲ ਪੁਰਸਕਾਰ ਪ੍ਰਾਪਤ ਕਰਨ ਵੇਲੇ ਲਿਖਿਆ ਸੀ, "ਅਸੀਂ ਤਰਕ ਦਾ ਵਿਨਾਸ਼ ਕਰਦੇ ਹਾਂ। ਜੇ ਤੁਸੀਂ ਵੇਖ ਸਕਦੇ ਹੋ ਤਾਂ ਘੋਖੋ, ਜੇ ਤੁਸੀਂ ਘੋਖ ਸਕਦੇ ਹੋ ਤਾਂ ਨਿਰਖੋ" ਅਸਲ ਵਿਚ ਇਹ ਨਿਰਖਣਾ ਹੀ ਸਾਹਿਤਕ ਰਚਨਾ ਨੂੰ ਜਨਮ ਦਿੰਦਾ ਹੈ। ਸਾਹਿਤਕਾਰ ਦੀ ਇਹੀ ਦੂਰ-ਦ੍ਰਿਸ਼ਟੀ ਹੁੰਦੀ ਹੈ।

ਦੂਰ-ਦ੍ਰਿਸ਼ਟੀ ਵਾਲਾ ਕਮਲ ਬੰਗਾ ਆਪਣੀ ਕਵਿਤਾ ਵਿਚ ਮਨੁੱਖੀ ਮਾਨਸਿਕਤਾ, ਰਿਸ਼ਤਿਆਂ, ਘਰ-ਪਰਿਵਾਰ, ਪਿਆਰ/ਮੁਹੱਬਤ ਆਦਿ ਦੀ ਗੱਲ ਕਰਦਾ ਹੈ। ਜੀਵਨ 'ਚ ਦਰਪੇਸ਼ ਸਮਾਜਿਕ, ਮਾਨਸਿਕ, ਆਰਥਿਕ ਮੁਸ਼ਕਲਾਂ ਉੱਤੇ ਉਸ ਦੀ ਕਵਿਤਾ ਦਾ ਫੋਕਸ ਹੈ। ਉਹਦੀ ਕਵਿਤਾ ਝਰਨੇ ਵਾਂਗਰ ਵਹਿੰਦੀ ਹੈ, ਲਗਾਤਾਰ ਤੁਰਦੀ ਹੈ, ਅਡੋਲ।

"ਖ਼ਿਆਲਾਂ 'ਚ ਪਾਣੀ ਵਾਂਗ ਵਹਿ ਰਿਹਾ ਹਾਂ।
ਬਸ ਉਚੇ ਤੋਂ ਨੀਵੇਂ ਵੱਲ ਪੈ ਰਿਹਾ ਹਾਂ।"

"ਮੈਥੋਂ ਖੁਸ਼ਕ ਜ਼ਮੀਨ ਵਾਂਗ,
ਤਿੜ ਨਹੀਂ ਹੁੰਦਾ।
ਨਾਲੇ ਗੁਲਾਮੀ 'ਚ ਮੈਥੋਂ, ਖਿੜ ਨਹੀਂ ਹੁੰਦਾ।"

ਕਮਲ ਬੰਗਾ ਦੀ ਕਵਿਤਾ ਸੁਹਜ ਰੂਪ ਵਿਚ ਪਾਠਕਾਂ ਸਾਹਮਣੇ ਆਉਂਦੀ ਹੈ। ਉਸਦੀ ਕਵਿਤਾ ਵਿਚ ਸਮਾਜਿਕ ਊਣਤਾਈਆਂ ਦਾ ਖਾਸ ਤੌਰ 'ਤੇ ਜ਼ਿਕਰ ਹੈ। ਕਵਿਤਾ ਦੀ ਵੰਨਗੀ ਗ਼ਜ਼ਲ ਵਿਚ ਕਮਲ ਬੰਗਾ ਨੇ ਅਲੱਗ ਥਾਂ ਹਾਸਲ ਕੀਤੀ ਹੈ। ਉਸ ਦੀ ਰਚਨਾ ਸਮਰੱਥ ਹੈ। ਉਹ ਵੱਡੀਆਂ-ਵੱਡੀਆਂ ਪੁਲਾਘਾਂ ਪੁੱਟਦੀ ਹੈ, ਤੇਜ਼ੀ ਨਾਲ ਆਪਣੇ ਨਿਸ਼ਾਨੇ ਵੱਲ ਝਪਟਦੀ ਹੈ, ਅਤੇ ਫਿਰ ਮਨੁੱਖੀ ਭਾਵਨਾਵਾਂ ਉੱਤੇ ਚੋਟ ਕਰਦੀ ਹੈ। ਇਹੀ ਉਹਦੀ ਵਿਲੱਖਣਤਾ ਹੈ।




ਭਾਈਚਾਰੇ 'ਚ ਪਈਆਂ ਤ੍ਰੇੜਾਂ, ਨਫ਼ਰਤੀ ਵਰਤਾਰਾ, ਅਵਿਸ਼ਵਾਸ ਨੂੰ ਜਦੋਂ ਉਹ ਮਨੁੱਖੀ ਕਾਲੀਨ ਉਤੇ ਵਿਛਿਆ ਵੇਖਦਾ ਹੈ ਤਾਂ ਤੜਪ ਉਠਦਾ ਹੈ। ਉਹ ਕਹਿੰਦਾ ਹੈ, ਆਖਿਰ ਮਨੁੱਖ ਇਸ ਵਰਤਾਰੇ ਵਿਚੋਂ ਕਦੋਂ ਬਾਹਰ ਆਏਗਾ, ਕਦੋਂ ਇਕ ਧਰਮ ਦੂਜੇ ਧਰਮ ਨੂੰ ਪਿਆਰ ਕਰੇਗਾ, ਕਦੋਂ ਮਨੁੱਖ ਜ਼ਿੰਦਗੀ ਦੀ ਖੂਬਸੂਰਤੀ ਨੂੰ ਪਛਾਣ ਸਕੇਗਾ?

ਜਦੋਂ ਉਹ ਧਰਮ ਦੇ ਨਾਮ ਉਤੇ ਪਾੜੇ, ਕਤਲ ਵੇਖਦਾ ਹੈ, ਦੰਗੇ ਵੇਖਦਾ ਹੈ ਤਾਂ ਉਹ ਤ੍ਰਾਹ ਉੱਠਦਾ ਹੈ, ਉਹ ਨੋਬੇਲ ਪੁਰਸਕਾਰ ਜੇਤੂ ਵਿਸਲਾਵਾ ਸ਼ਿੰਬੋਰਸਕਾ ਦੇ ਉਨ੍ਹਾਂ ਸ਼ਬਦਾਂ ਦਾ ਚਿੰਤਨ ਕਰਦਾ ਹੈ, "ਕੀ ਉਹ 'ਬੰਦੇ' ਕਹਾਉਣ ਦੇ ਲਾਇਕ ਵੀ ਹਨ ਜਾਂ ਨਹੀਂ? ਉਨ੍ਹਾਂ ਨੂੰ 'ਜਾਨਵਰ' ਕਹਿਣਾ ਤਾਂ ਵਿਚਾਰੇ ਜਾਨਵਰਾਂ ਦੀ ਬੇਅਦਬੀ ਹੈ। ਜਾਨਵਰ ਕਦੇ ਇੰਜ ਨਹੀਂ ਕਰਦੇ" ਉਸਦੀ ਇਸੇ ਚੇਤਨਾ ਕਾਰਨ ਉਹ ਉੱਚ ਪਾਏ ਦੇ ਸ਼ਿਅਰ ਲਿਖਦਾ ਹੈ, ਸੰਕੇਤਾਂ 'ਚ ਗੱਲ ਕਰਦਾ ਹੈ।

"ਖ਼ਾਲੀ ਸੜਕ-ਖ਼ਾਲੀ ਰਾਹ 'ਤੇ,
ਕੋਈ ਕੋਈ ਦੌੜਦੈ,
ਕਾਰਾਂ ਵਿਚ ਤਾਂ ਦੌੜਦੇ, ਸਾਰੇ ਜਣੇ-ਨੇ।"

"ਗਰੀਬ ਦੇਸ਼ਾਂ ਨੂੰ ਮਾਰਿਆ,
ਰੋਟੀ-ਕਪੜੇ-ਮਕਾਨ ਨੇ,
ਨਾਲ ਨਾਲ ਝੰਬਿਆ ਹੈ,
ਮੰਗਿਆਈ ਦੇ ਤੂਫ਼ਾਨਾਂ।"

ਕਮਲ ਬੰਗਾ ਦੀ ਕਵਿਤਾ ਉੱਚ ਪਾਏ ਦੀ ਹੈ। ਲੋਕਾਂ ਦੀ ਗੱਲ ਕਰਦੀ ਹੈ। ਮਨੁੱਖੀ ਭਾਵਨਾਵਾਂ ਦੀ ਗੱਲ ਕਰਦੀ ਹੈ। ਉਸ ਦੀ ਕਵਿਤਾ/ਗ਼ਜ਼ਲ, ਉਸਦੇ ਜੀਵਨ ਦਾ ਅਨੁਭਵ ਹੈ, ਜੋ ਉਸਦੇ ਅੰਗ-ਸੰਗ ਰਹਿੰਦੀ ਹੈ, ਵਿਚਰਦੀ ਹੈ। ਉਸਦੀ 17ਵੀਂ ਨਵੀਂ ਪੁਸਤਕ ਨੂੰ ਪੰਜਾਬੀ ਸੰਸਾਰ 'ਚ 'ਜੀ ਆਇਆਂ'। 'ਨਵੀਂ-ਬੁਲਬੁਲ' ਬਨਾਮ ਨਵੀਂ ਉਡਾਰੀ 'ਤੇ ਫ਼ਖ਼ਰ ਹੈ। ਕਮਲ ਬੰਗਾ ਸ਼ਬਦਾਂ 'ਤੇ ਸੋਚਾਂ ਦਾ ਜਾਦੂਗਰ ਹੈ।

ਇਹ ਪੁਸਤਕ ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ ਨੇ ਛਾਪੀ ਹੈ। 240 ਪੰਨਿਆਂ ਦੀ ਇਸ ਪੁਸਤਕ ਦਾ ਮੁਲ 300/-ਰੁਪਏ ਹੈ।

# ‘ਬੂਹੇ ਬਾਰੀਆਂ’ ਅਤੇ ਵਿਗਸ ਰਿਹਾ ਪੰਜਾਬੀ ਸਿਨਮਾ


ਆਮ ਕਿਰਤੀ ਔਰਤਾਂ ਪੰਜਾਬੀ ਸਿਨਮੇ ਦੀ ਪ੍ਰੇਰਨਾ ਬਣਨ ਲੱਗੀਆਂ ਹਨ, ਇਹ ਸ਼ੁਭ ਸ਼ਗਨ ਹੈ। ਵੀਰਵਾਰ ਦੀ ਸ਼ਾਮ ਨੂੰ ਫਿਲਮ ‘ਬੂਹੇ ਬਾਰੀਆਂ’ ਦੇਖਣ ਦਾ ਸਬਬ ਬਣਿਆ। ਇਹ ਫਿਲਮ ਕਿਸਾਨ ਅੰਦੋਲਨ ਵੇਲੇ ਦਿੱਲੀ ਵਿਚ ਧਰਨੇ ’ਤੇ ਬੈਠੀਆਂ ਮੁਜ਼ਾਰਾ ਲਹਿਰ ਦੀ ਕਰਮਭੂਮੀ ਬਣੇ ਪਿੰਡ ਕਿਸ਼ਨਗੜ੍ਹ ਦੀਆਂ ਔਰਤਾਂ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ ਹੈ।

**ਦਵੀ ਦਵਿੰਦਰ ਕੌਰ**

ਫਿਲਮ ਦੇ ਪ੍ਰੀਮੀਅਰ ਮੌਕੇ ਇਹ ਕਿਸਾਨ ਔਰਤਾਂ ਹਾਜ਼ਰ ਸਨ। ਫਿਲਮ ਦੀਆਂ ਨਾਇਕ ਵੀ ਔਰਤਾਂ ਹਨ, ਕਿਰਤੀ ਔਰਤਾਂ। ਨੌਜਵਾਨ ਉਦੈ ਪ੍ਰਤਾਪ ਸਿੰਘ ਨਿਰਦੇਸ਼ਤ ਫਿਲਮ ਜਗਦੀਪ ਬੜਿੰਗ ਨੇ ਲਿਖੀ ਹੈ।

ਪਿੱਤਰ ਸੱਤਾ ਅਤੇ ਕਿਰਤ ਦੇ ਲੋਟੂਆਂ ਦੀਆਂ ਸਤਾਈਆਂ ਕੁਝ ਔਰਤਾਂ ਭਰਪੂਰ ਕੌਰ (ਭੂਰੋ ਬੀਬੀ) ਦੀ ਅਗਵਾਈ ਵਿਚ ਪਿੰਡੋਂ ਬਾਹਰ ਆਪਣਾ ਚੰਬਾ ਸਿਰਜ ਲੈਂਦੀਆਂ ਹਨ। ਉਹ ਆਪੋ-ਆਪਣੇ ਢੰਗ ਨਾਲ ਕਿਰਤ ਕਰਦੀਆਂ ਆਪਣੇ ਹੁਨਰ ਦੇ ਮਾਣ ਨਾਲ ਆਪਣਾ ਨਿਰਬਾਹ ਕਰ ਰਹੀਆਂ ਹਨ ਪਰ ਜਗੀਰੂ ਪਿੱਤਰ ਸੱਤਾ ਦੀ ਅੱਖ ਵਿਚ ਰੜਕਦੀਆਂ ਹਨ। ਮਰਦਾਨੀ ਧੌਂਸ ਦਾ ਮੱਥਾ ਉਦੋਂ ਠਣਕਦਾ ਹੈ ਜਦੋਂ ਇਹ ਬੀਬੀਆਂ ਆਪਣੀ ਕਿਰਤ ਕਮਾਈ ਵਿਚੋਂ ਕਾਰ ਖਰੀਦ ਕੇ ਇੱਕ ਲੋੜਵੰਦ ਘਰ ਦੀ ਧੀ ਦੀ ਡੋਲੀ ਤੋਰ ਕੇ ਉਸ ਨੂੰ ਵੱਸਦੀ ਕਰਦੀਆਂ ਹਨ। ਇਹ ਔਰਤਾਂ ਮਰਦਾਂ ਵਿਰੁੱਧ ਨਹੀਂ ਬਲਕਿ ਪਿੱਤਰਕ ਸੱਤਾ ਵੱਲੋਂ ਔਰਤਾਂ ਨੂੰ ਹਾਸ਼ੀਏ ’ਤੇ ਧੱਕ ਕੇ ਆਮ ਇਨਸਾਨੀ ਹਕੂਕ ਤੋਂ ਵੀ ਵਿਰਵੇ ਕਰਨ ਵਿਰੁੱਧ ਡਟਦੀਆਂ ਹਨ। ਇਸ ਚੰਬੇ ਵਿਚ ਸਰਪੰਚ ਦੇ ਮੁੰਡੇ ਵੱਲੋਂ ਪਿਆਰ ਦੇ ਪੱਜ ਗਰਭਵਤੀ ਕਰ ਦਿੱਤੀ ਗਈ ਕੰਮੀਆਂ ਦੀ ਧੀ ਨੂੰ ਆਪਣੇ ਅੰਦਰ ਪਲ ਰਹੇ ਜੀਅ ਨੂੰ ਮਾਣ ਨਾਲ ਵਿਗਸਣ ਦਾ ਵੱਲ ਸਿਖਾਇਆ ਜਾਂਦਾ ਹੈ।

ਪਹਿਲੀ ਨਜ਼ਰੇ ਤੁਹਾਨੂੰ ਇਹ ਫਿਲਮ ‘ਗੁਲਾਬੀ ਗੈਂਗ’ ਦਾ ਭੁਲੇਖਾ ਪਾਵੇਗੀ ਪਰ ਛੇਤੀ ਹੀ ਇਸ ਦੀ ਮੌਲਿਕਤਾ ਪ੍ਰਤੱਖ ਹੋਣ ਲੱਗਦੀ ਹੈ।






ਫਿਲਮ ‘ਬੂਹੇ ਬਾਰੀਆਂ’ ਦਾ ਪੋਸਟਰ ਅਤੇ (ਸੱਜੇ) ਫਿਲਮ ਅਦਾਕਾਰਾ ਨੀਰੂ ਬਾਜਵਾ।

ਇਹ ਸਾਧਾਰਨ ਜਿਹੇ ਕੰਮ ਕਰਦੀਆਂ ਅਲੋਕਾਰ ਔਰਤਾਂ ਪਿੰਡ ਦੀਆਂ ਸਾਰੀਆਂ ਰੂੜੀਵਾਦੀ ਕਦਰਾਂ ਕੀਮਤਾਂ ਨੂੰ ਲਲਕਾਰਦੀਆਂ ਨੇ। ਹਰ ਤਰ੍ਹਾਂ ਦੇ ਸਮਾਜਿਕ, ਸਿਆਸੀ, ਆਰਥਿਕ ਅਸਾਵੇਂਪਣ ਨੂੰ ਸਿੱਧੀਆਂ ਟੱਕਰਦੀਆਂ ਨੇ। ਮਰਦਾਵੀਂ ਚੌਧਰ ਦੀ ਹਰ ਚੁਣੌਤੀ ਦਾ ਆਪਣੇ ਵਿੱਤ ਮੁਜਬ ਬਾਦਲੀਲ ਜਵਾਬ ਦਿੰਦੀਆਂ ਨੇ ਪਰ ਕਿਤੇ ਵੀ ਆਪਣੀ ਮਰਿਆਦਾ ਤੇ ਤਹੱਮਲ ਦਾ ਪੱਲਾ ਨਹੀਂ ਛੱਡਦੀਆਂ। ਜਤਿੰਦਰ ਕੌਰ, ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਰੁਪਿੰਦਰ ਕੌਰ, ਸੀਮਾ ਕੌਸ਼ਲ ਤੇ ਅਨੀਤਾ ਮੀਤ ਨੇ ਤਾਂ ਆਪਣੇ ਕਿਰਦਾਰਾਂ ਮੁਤਾਬਿਕ ਪਹਿਰਾਵਾ ਤੇ ਸਾਦਗੀ ਰੱਖੀ ਹੀ, ਰੁਬੀਨਾ ਬਾਜਵਾ ਜਿਸ ਤਰ੍ਹਾਂ ਡੀ-ਗਲੈਮਰਾਈਜ਼ ਹੋ ਕੇ ਕਿਰਦਾਰ ਨਾਲ ਨਿੱਬੜੀ, ਕਮਾਲ ਹੈ। ਸਰਪੰਚ ਦੀ ਵਿਦੇਸ਼ੋਂ ਪੜ੍ਹ ਕੇ ਆਈ ਧੀ (ਸਿਮਰਨ ਚਾਹਲ)




ਫਿਲਮ ‘ਕਲੀ ਜੋਟਾ’, ‘ਮੌੜ’, ‘ਗੋਡੇ ਗੋਡੇ ਚਾਅ’ ਅਤੇ ‘ਚੇਤਾ ਸਿੰਘ’ ਦੇ ਪੋਸਟਰ।

ਇਨ੍ਹਾਂ ਬੀਬੀਆਂ ਦੀ ਧਿਰ ਬਣਦੀ ਹੈ ਕਿਉਂਕਿ ਇਹੀ ਸਹੀ ਰਾਹ ਹੁੰਦਾ ਹੈ।

ਫਿਲਮ ਜਾਤ-ਪਾਤ ਅਤੇ ਜਾਤ ’ਤੇ ਫੋਕੇ ਮਾਣ ਨੂੰ ਤਰਕ ਦੀ ਸਾਣ ’ਤੇ ਲਾ ਕੇ ਲਲਕਾਰਦੀ ਹੈ। ਇਹ ਫਿਲਮ ਹੀਰੋ ਹੀਰੋਇਨ ਦੀ ਪ੍ਰੇਮ ਕਹਾਣੀ ਨਹੀਂ ਬਲਕਿ ਸੱਚੀਂ-ਮੁੱਚੀਂ ਦੀ ਪ੍ਰੇਮ ਕਥਾ ਹੈ ਜਿਸ ਵਿਚ ਨਿਮਾਣੀਆਂ, ਨਿਤਾਣੀਆਂ ਕਰਾਰ ਦਿੱਤੀਆਂ ਗਈਆਂ ਧਿਰਾਂ ਜ਼ਿੰਦਗੀ ਨਾਲ ਇਸ਼ਕ ਕਰਨਾ ਸਿੱਖਦੀਆਂ ਨੇ, ਸਵੈਮਾਣ ਦੀ ਪਰਿਭਾਸ਼ਾ ਨਵੇਂ ਸਿਰਿਓਂ ਸਿਰਜਦੀਆਂ ਨੇ। ਆਪਣੀ ਥਾਂ ਮੱਲਦੀਆਂ, ਆਪਣੇ ’ਤੇ ਲੱਗੀਆਂ ਬੇਤੁਕੀਆਂ ਰੋਕਾਂ ਨਿਸ਼ੰਗ ਤੋੜਦੀਆਂ ਇਹ ਸੁਨੱਖੀਆਂ ਔਰਤਾਂ ਚਿੰਨ੍ਹਾਤਮਿਕ ਰੂਪ ਵਿਚ ਪੰਜਾਬੀ ਸਿਨਮੇ ਵਿਚਲੀ ਮਰਦਾਵੀਂ ਧੌਂਸ ਨੂੰ ਵੀ ਤੋੜਨ ਵਿਚ ਸਫਲ ਰਹੀਆਂ ਹਨ।

ਆਮ ਤੌਰ ’ਤੇ ਮੰਨਿਆ ਜਾਂਦਾ ਰਿਹਾ ਹੈ ਕਿ ਫਿਲਮ, ਮਰਦ ਸਟਾਰ ਦੇ ਸਿਰ ’ਤੇ ਚੱਲਦੀ ਹੈ ਪਰ ‘ਬੂਹੇ ਬਾਰੀਆਂ’ ਨੇ ਇਹ ਭਰਮ ਤੋੜਿਆ ਹੈ। ਪੁਰਸ਼ ਠਾਣੇਦਾਰ ਲਈ ਸਰ ਤੇ ਜਨਾਬ (ਮਰਦਾਵਾਂ ਸੰਬੋਧਨ) ਸ਼ਬਦ ਹਨ ਪਰ ਔਰਤ ਠਾਣੇਦਾਰ ਲਈ ਪੰਜਾਬੀ ਵਿਚ ਕੋਈ ਸ਼ਬਦ ਨਾ ਹੋਣਾ ਸਾਡੇ ਸਮਾਜਿਕ ਤੇ ਭਾਸ਼ਾਈ ਤਾਣੇ-ਬਾਣੇ ’ਤੇ ਸਵਾਲ ਖੜ੍ਹਾ ਕਰਦਾ ਹੈ। ਬੀਬੀ ਭੂਰੋ ਇਸ ਨੂੰ ਮਰਦ ਅਤੇ ਔਰਤ ਦੀ ਬਰਾਬਰੀ ਵਜੋਂ ਪਰ ਪ੍ਰੇਮ ਕੌਰ ਠਾਣੇਦਾਰ ਇਸ ਨੂੰ ਹੋਰ ਪੱਖ ਤੋਂ ਦੇਖਦੀ ਹੈ। ਫਿਲਮ ਪੰਜਾਬੀ ਸਿਨਮੇ ਦੇ ਵਿਗਸਣ ਦੀ ਸ਼ਾਹਦੀ ਭਰਦੀ ਹੈ। ਨੀਰੂ ਬਾਜਵਾ ਲਗਾਤਾਰ ਚੰਗੀਆਂ ਪੰਜਾਬੀ ਫਿਲਮਾਂ ਲਈ ਪੈਸਾ ਲਾ ਰਹੀ ਹੈ। ਇਹ ਪੰਜਾਬੀ ਸਿਨਮਾ ਲਈ ਮੁਬਾਰਕ ਦੌਰ ਹੈ। ਮਲਕੀਤ ਰੌਣੀ, ਪ੍ਰਕਾਸ਼ ਗਾਧੂ, ਬਲਜੀਤ, ਦੀਪਕ ਸਭ ਨੇ ਆਪੋ-ਆਪਣੇ ਕਿਰਦਾਰਾਂ ਨਾਲ ਇਨਸਾਫ ਕੀਤਾ ਹੈ। ਫਿਲਮ ਦੇ ਤਿੰਨ ਗੀਤ ਹਰਿੰਦਰ ਕੌਰ ਨੇ ਲਿਖੇ ਹਨ। ਸੰਗੀਤ ਬਹੁਤ ਉਮਦਾ ਹੈ।

ਪਿਛਲੇ ਕੁਝ ਸਮੇਂ ਤੋਂ ਪੰਜਾਬੀ ਸਿਨਮੇ ਲਈ ਠੰਢੀ ਹਵਾ ਦੇ ਬੁੱਲ੍ਹੇ ਵਗ ਰਹੇ ਨੇ। ‘ਕਲੀ ਜੋਟਾ’, ‘ਮੌੜ’, ‘ਗੋਡੇ ਗੋਡੇ ਚਾਅ’, ‘ਚੇਤਾ ਸਿੰਘ’ ਜਿਹੀਆਂ ਫਿਲਮਾਂ ਸੋਹਣੇ ਸੁਨੇਹੇ ਲੈ ਕੇ ਆਈਆਂ ਹਨ। ਇਹ ਵਕਤ ਸਾਡਾ ਹਾਸਲ ਬਣਿਆ ਰਹੇ, ਬੱਸ ਇਹੀ ਦੁਆ ਹੈ।

# ਜ਼ੀਨਤ ਦੀ ਹਾਜ਼ਰੀ



ਭਾਰਤੀ ਫਿਲਮੀ ਦੁਨੀਆ ਦੇ 70ਵੇਂ ਅਤੇ 80ਵੇਂ ਦਹਾਕੇ ਵਿਚ ਨਾਮ ਕਮਾਉਣ ਵਾਲੀ ਫਿਲਮ ਅਦਾਕਾਰਾ ਜ਼ੀਨਤ ਅਮਾਨ ਨੇ ਸੋਸ਼ਲ ਮੀਡੀਆ ਅਕਾਊਂਟ ’ਤੇ ਸ਼ਸ਼ੀ ਕਪੂਰ ਨਾਲ ਸ਼ੂਟਿੰਗ ਦੌਰਾਨ ਬਿਤਾਏ ਪਲਾਂ ਨੂੰ ਯਾਦ ਕੀਤਾ।

ਅਦਾਕਾਰਾ ਨੇ ਇੰਸਟਾਗ੍ਰਾਮ ’ਤੇ ਰਾਜ ਕਪੂਰ ਦੇ ਨਿਰਦੇਸ਼ਨ ਹੇਠ 1978 ਵਿਚ ਬਣੀ ਫਿਲਮ ‘ਸਤਿਅਮ ਸ਼ਿਵਮ ਸੁੰਦਰਮ’ ਵਿਚਲੇ ਸਹਿ-ਅਦਾਕਾਰ ਸ਼ਸ਼ੀ ਕਪੂਰ ਨਾਲ ਗੀਤ ‘ਚੰਚਲ ਸ਼ੀਤਲ ਨਿਰਮਲ ਕੋਮਲ’ ਦੀ ਸ਼ੂਟਿੰਗ ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ, “ਸ਼ਸ਼ੀ ਜੀ ਤੇ ਮੈਂ ‘ਚੰਚਲ ਸ਼ੀਤਲ ਨਿਰਮਲ ਕੋਮਲ’ ਗਾਣੇ ਦੀ ਸ਼ੂਟਿੰਗ ਦੌਰਾਨ। ਬਹੁਤ ਘੱਟ ਲੋਕ ਪਰਦੇ ਦੇ ਪਿੱਛੇ ਦੀ ਕਹਾਣੀ ਜਾਣਦੇ ਹਨ। ਮੇਰੇ ਨਿਰਦੇਸ਼ਕ ਰਾਜ ਜੀ ਸਨ ਜੋ ਸ਼ਾਸਤਰੀ ਨ੍ਰਿਤ ਬਾਰੇ ਬਹੁਤ ਕੁਝ ਜਾਣਦੇ ਹਨ। ਰਾਜ ਕਪੂਰ ਨਾਲ ਇਹ ਮੇਰੀ ਪਹਿਲੀ ਫਿਲਮ ਸੀ ਅਤੇ ਮੈਨੂੰ ਨੱਚਣਾ ਨਾ ਆਉਂਦਾ ਹੋਣ ਕਾਰਨ ਮੈਂ ਸ਼ਾਸਤਰੀ ਨ੍ਰਿਤ ਦੀ ਕਲਪਨਾ ਵੀ ਨਹੀਂ ਕਰ ਸਕਦੀ ਸੀ। ਜਦੋਂ ਰਾਜ ਜੀ ਨੇ ਮੈਨੂੰ ਗਾਣੇ ਬਾਰੇ ਦੱਸਿਆ ਤਾਂ ਮੇਰੀਆਂ ਅੱਖਾਂ ’ਚ ਹੰਝੂ ਆ ਗਏ। ਮੈਂ ਉਨ੍ਹਾਂ ਨੂੰ ਆਪਣੀ ਸਥਿਤੀ ਸਮਝਾਈ ਤਾਂ ਰਾਜ ਜੀ ਹੱਸ ਪਏ। ਉਨ੍ਹਾਂ ਮਸ਼ਹੂਰ ਕੋਰੀਓਗ੍ਰਾਫਰ ਸੋਹਨ ਲਾਲ ਨੂੰ ਮੈਨੂੰ ਸਿਖਾਉਣ ਲਈ ਕਿਹਾ। ਮੈਂ ਅਪੀਲ ਕਰਾਂਗੀ ਕਿ ਤੁਸੀਂ ਇਹ ਵੀਡੀਓ ਯੂ-ਟਿਊਬ ’ਤੇ ਦੇਖੋ।”

ਯਾਦ ਰਹੇ ਕਿ ਫਿਲਮ ‘ਸਤਿਅਮ ਸ਼ਿਵਮ ਸੁੰਦਰਮ’ ਦਾ ਇਹ ਗੀਤ ਮਸ਼ਹੂਰ ਗਾਇਕ ਮੁਕੇਸ਼ ਨੇ ਗਾਇਆ ਸੀ।

# ਲਾਸ ਏਂਜਲਸ ਵਿਚ ਤੱਬੂ ਦੀ ਫਿਲਮ ‘ਖੁਫੀਆ’

ਅਦਾਕਾਰਾ ਤੱਬੂ ਦੀ ਜਾਸੂਸੀ ਫਿਲਮ ‘ਖੁਫੀਆ’ ਦਾ ਵਰਲਡ ਪ੍ਰੀਮੀਅਰ ਲਾਸ ਏਂਜਲਸ ਵਿਚ ਹੋਣ ਵਾਲੇ ਇੰਡੀਅਨ ਫਿਲਮ ਫੈਸਟੀਵਲ ਆਫ ਲਾਸ ਏਂਜਲਸ ਵਿਚ ਕੀਤਾ ਜਾਵੇਗਾ। ਵਿਸ਼ਾਲ ਭਾਰਦਵਾਜ ਵੱਲੋਂ ਨਿਰਦੇਸ਼ਤ ਫਿਲਮ ‘ਖੁਫ਼ੀਆ’ ‘ਰਾਅ’ ਦੇ ਜਾਸੂਸੀ ਵਿਭਾਗ ਦੇ ਸਾਬਕਾ ਮੁਖੀ ਅਮਰ ਭੂਸ਼ਣ ਦੇ ਨਾਵਲ ‘ਐਸਕੇਪ ਟੂ ਨੋਵੇਅਰ’ ’ਤੇ ਆਧਾਰਿਤ ਹੈ। ਐਕਸ਼ਨ ਤੇ ਰੁਮਾਂਸ ਨਾਲ ਭਰਪੂਰ ਇਸ ਫਿਲਮ ਵਿਚ ਅਦਾਕਾਰਾ ਹਰ ਔਕੜ ਨੂੰ ਪਾਰ ਕਰਦੀ ਹੋਈ ਆਪਣੇ ਮਿਸ਼ਨ ਵੱਲ ਵਧਦੀ ਦਿਖਾਈ ਦੇਵੇਗੀ। ਇਸ ਫਿਲਮ ਦਾ ਟੀਜ਼ਰ ਰਿਲੀਜ਼ ਕੀਤਾ ਗਿਆ ਹੈ ਅਤੇ ਫਿਲਮ ਪੰਜ ਅਕਤੂਬਰ ਨੂੰ ਰਿਲੀਜ਼ ਹੋਵੇਗੀ। ਇਸ ਫਿਲਮ ਦਾ ਦਰਸ਼ਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।



ਵਿਸ਼ਾਲ ਭਾਰਦਵਾਜ ਇਸ ਤੋਂ ਪਹਿਲਾਂ ‘ਮਕਬੂਲ’, ‘ਓਮਕਾਰਾ’ ਅਤੇ ‘ਹੈਦਰ’ ਵਰਗੀਆਂ ਫਿਲਮਾਂ ਬਣਾ ਚੁੱਕਿਆ ਹੈ। ਇਸ ਫੈਸਟੀਵਲ ਵਿਚ ‘ਖੁਫੀਆ’ ਤੋਂ ਇਲਾਵਾ ਅਤੁਲ ਸਭਰਵਾਲ ਦੀ ਫਿਲਮ ‘ਬਰਲਿਨ’ ਦਾ ਵੀ ਵਰਲਡ ਪ੍ਰੀਮੀਅਰ ਕੀਤਾ ਜਾਵੇਗਾ। ਇਸ ਤੋਂ ਬਿਨਾਂ ਡੋਮੀਨਿਕ ਸੰਗਮ ਦੀ ਗਾਰੋ ਭਾਸ਼ਾ ਵਿਚ ਬਣੀ ਫਿਲਮ ‘ਰੈਪਚਰ’, ਆਨੰਦ ਏਕਾਰਸ਼ੀ ਦੀ ਮਲਿਆਲਮ ਫਿਲਮ ‘ਆਟਮ’ (ਦਿ ਪਲੇਅ) ਤੇ ਦੇਵਾਸ਼ੀਸ਼ ਮਖੀਜਾ ਦੀ ‘ਜੋਰਾਮ’ ਵੀ ਸ਼ਾਮਲ ਹਨ।

ਨੈੱਟਫਲਿਕਸ ’ਤੇ ਆਉਣ ਵਾਲੀ ਜਾਸੂਸੀ ਫਿਲਮ ‘ਖੁਫ਼ੀਆ’ ਦਾ ਟਰੇਲਰ ਰਿਲੀਜ਼ ਕਰਨ ਮੌਕੇ ਨਿਰਦੇਸ਼ਕ ਵਿਸ਼ਾਲ ਭਾਰਦਵਾਜ ਨੇ ਕਿਹਾ ਕਿ ਇਸ ਫਿਲਮ ਨੇ ਉਸ ਨੂੰ ਤੱਬੂ ਨਾਲ ਮੁੜ ਜੁੜਨ ਅਤੇ ਦੋ ਬਹੁਤ ਹੀ ਪ੍ਰਤਿਭਾਸ਼ਾਲੀ ਅਦਾਕਾਰਾਂ ਅਲੀ ਫਜ਼ਲ ਤੇ ਵਾਮਿਕਾ ਗੱਬੀ ਨਾਲ ਪਹਿਲੀ ਵਾਰ ਕੰਮ ਕਰਨ ਦਾ ਮੌਕਾ ਦਿੱਤਾ। ਭਾਰਦਵਾਜ ਨੇ ਕਿਹਾ, “ਮੈਂ ਜਾਸੂਸੀ ਦੀ ਦੁਨੀਆ ਤੋਂ ਹਮੇਸ਼ਾ ਬਹੁਤ ਪ੍ਰਭਾਵਿਤ ਰਿਹਾ ਹਾਂ ਅਤੇ ਖੁਫ਼ੀਆ ਨਾਲ ਇਸ ਦੀ ਸ਼ੈਲੀ ਦਾ ਪਤਾ ਲਾਉਣ ਲਈ ਸੱਚਮੁਚ ਉਤਸ਼ਾਹਿਤ ਹਾਂ। ਇਸ ਫਿਲਮ ਨੇ ਮੈਨੂੰ ਤੱਬੂ ਨਾਲ ਮੁੜ ਜੁੜਨ ਦਾ ਮੌਕਾ ਦਿੱਤਾ।”

ਚੇਤੇ ਰਹੇ ਕਿ ਇਸ ਫਿਲਮ ਵਿਚ ਅਦਾਕਾਰਾ ਆਸ਼ੀਸ਼ ਵਿਦਿਆਰਥੀ ਅਤੇ ਅਜ਼ਮੇਰੀ ਹੱਕ ਬਧੋਂ ਵੀ ਹਨ। ਫਿਲਮ ‘ਖੁਫੀਆ’ ਸੱਚੀਆਂ ਘਟਨਾਵਾਂ ’ਤੇ ਆਧਾਰਿਤ ਹੈ। ਅਦਾਕਾਰਾ ਤੱਬੂ ਨੇ ਕਿਹਾ ਕਿ ਉਹ ਇੱਕ ਵਾਰ ਫਿਰ ਆਪਣੇ ਪਸੰਦੀਦਾ ਨਿਰਦੇਸ਼ਕ ਵਿਸ਼ਾਲ ਭਾਰਦਵਾਜ ਨਾਲ ਕੰਮ ਕਰ ਕੇ ਖੁਸ਼ ਹੈ, ਉਹ ਤੀਜੀ ਵਾਰ ਇਕੱਠੇ ਹੋਏ ਹਨ।

